# ਕੈਲੇਫੋਰਨੀਆ ਜੂਡੀਸ਼ੀਅਲ ਬਰਾਂਚ

# ਕੈਲੇਫੋਰਨੀਆ ਦੀਆਂ ਅਦਾਲਤਾਂ ਵਿਚ ਬੋਲੀ ਤੱਕ ਪਹੁੰਚ ਲਈ ਜੁਗਤੀ ਪਲੈਨ

## 22 ਜਨਵਰੀ, 2015

## ਸੰਖੇਪ (ਐਗਜ਼ੈਕਟਿਵ ਸਮਰੀ)

PUN

## ਸੰਖੇਪ (ਐਗਜ਼ੈਕਟਿਵ ਸਮਰੀ)

ਹਿੱਤ ਰੱਖਣ ਵਾਲੀਆਂ ਧਿਰਾਂ ਦੇ ਵੱਡੇ ਪੱਧਰ 'ਤੇ ਵਿਚਾਰ ਜਾਣਨ ਤੋਂ ਬਾਅਦ, ਕੈਲੇਫੋਰਨੀਆ ਦੀ ਬੋਲੀ ਤੱਕ ਪਹੁੰਚ ਦੀ ਪਲੈਨ ਲਈ ਕੰਮ ਕਰ ਰਹੇ ਸਾਂਝੇ ਗਰੁੱਪ (ਜੋਆਇੰਟ ਵਰਕਿੰਗ ਗਰੁੱਪ) ਨੇ *ਕੈਲੇਫੋਰਨੀਆ ਦੀਆਂ ਅਦਾਲਤਾਂ ਵਿਚ ਬੋਲੀ ਤੱਕ ਪਹੁੰਚ ਲਈ ਜੁਗਤੀ ਪਲੈਨ* ਤਿਆਰ ਕੀਤੀ ਹੈ। ਇਹ ਸੰਖੇਪ (ਐਗਜ਼ੈਕਟਿਵ ਸਮਰੀ) ਪਲੈਨ ਦੀ ਬਣਤਰ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ, ਦਿਲਚਸਪੀ ਰੱਖਣ ਵਾਲੀਆਂ ਧਿਰਾਂ ਦੇ ਵਿਚਾਰਾਂ ਅਤੇ ਸਿਫਾਰਸ਼ਾਂ ਦੀਆਂ ਵਿਸ਼ੇਸ਼ਤਾਵਾਂ ਦਾ ਸੰਖੇਪ ਵੀ ਦਿੰਦੀ ਹੈ। ਜੋਆਇੰਟ ਵਰਕਿੰਗ ਗਰੁੱਪ ਦਾ ਉਦੇਸ਼ ਸਿਫਾਰਸ਼ਾਂ ਦਾ ਖਰੜਾ ਤਿਆਰ ਕਰਨਾ ਸੀ ਜਿਹੜਾ ਸਟੇਟ ਭਰ ਵਿਚ ਅਦਾਲਤ ਦੀ ਵਰਤੋਂ ਕਰਨ ਵਾਲਿਆਂ ਨੂੰ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੇਣ ਲਈ ਬਰਾਂਚ ਪੱਧਰ ਦੀ ਪਹੁੰਚ ਪੈਦਾ ਕਰੇਗਾ, ਅਤੇ ਅਜਿਹਾ ਕਰਦੇ ਹੋਏ ਪਲੈਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਵਿਚ ਹਰੇਕ ਅਦਾਲਤ ਦੀ ਵੱਡੀ ਹੱਦ ਤੱਕ ਲਚਕਸ਼ੀਲਤਾ ਦੀ ਲੋੜ ਨੂੰ ਧਿਆਨ ਵਿੱਚ ਰੱਖੇਗਾ। ਮੁਢਲਾ ਟੀਚਾ, ਅਦਾਲਤ ਦੀਆਂ ਪ੍ਰਮੁੱਖ ਸੇਵਾਵਾਂ ਦੇ ਹਿੱਸੇ ਵਜੋਂ ਬੋਲੀ ਤੱਕ ਪਹੁੰਚ ਨੂੰ ਸ਼ਾਮਲ ਕਰਨਾ ਹੈ। ਪਲੈਨ ਦਾ ਖਰੜਾ ਲੋਕਾਂ ਦੇ ਵਿਚਾਰ ਜਾਣਨ ਲਈ 31 ਜੁਲਾਈ ਨੂੰ ਕੈਲੇਫੋਰਨੀਆ ਕੋਰਟਸ ਦੇ ਵੈੱਬਸਾਈਟ 'ਤੇ ਪਾਇਆ ਗਿਆ ਸੀ ਅਤੇ ਵਿਚਾਰ ਦੇਣ ਦਾ ਸਮਾਂ 29 ਸਤੰਬਰ, 2014 ਤੱਕ ਜਾਰੀ ਰਿਹਾ। ਲੋਕਾਂ ਦੇ ਵਿਚਾਰ ਜਾਣਨ ਦੇ ਕਾਰਜ ਤੋਂ ਬਾਅਦ, ਪਲੈਨ ਦੇ ਖਰੜੇ ਵਿਚ ਸੋਧ ਕੀਤੀ ਗਈ ਅਤੇ ਫਾਈਨਲ ਪਲੈਨ ਵਿਚਾਰ ਕਰਨ ਅਤੇ ਅਪਣਾਉਣ ਲਈ ਜੂਡੀਸ਼ੀਅਲ ਕੌਂਸਲ ਕੋਲ ਪੇਸ਼ ਕੀਤੀ ਗਈ।

## ਕੌਂਸਲ ਦੀ ਪਿਛਲੀ ਕਾਰਵਾਈ

ਕੈਲੇਫੋਰਨੀਆ ਜੂਡੀਸ਼ੀਅਲ ਬਰਾਂਚ, ਅਦਾਲਤਾਂ ਵਿਚ ਬੋਲੀ ਤੱਕ ਪਹੁੰਚ ਵਧਾਉਣ ਦੀਆਂ ਸੇਵਾਵਾਂ ਦੀ ਲੋੜ ਦੀ ਲੰਮੇ ਸਮੇਂ ਤੋਂ ਹਿਮਾਇਤ ਕਰਦੀ ਆਈ ਹੈ। ਪਰ, ਬਰਾਂਚ ਨੇ ਅਜੇ ਸਟੇਟ ਭਰ ਵਿਚਲੀ ਬੋਲੀ ਤੱਕ ਪਹੁੰਚ ਦੀ ਵਿਆਪਕ ਪਲੈਨ ਨੂੰ ਨਹੀਂ ਅਪਣਾਇਆ ਜੋ ਕਿ ਸਿਫਾਰਸ਼ਾਂ, ਸੇਧ, ਅਤੇ ਸਟੇਟ ਭਰ ਵਿਚ ਇਕਸਾਰ ਪਹੁੰਚ ਪ੍ਰਦਾਨ ਕਰੇਗੀ ਤਾਂ ਜੋ ਅੰਗਰੇਜ਼ੀ ਦੀ ਸੀਮਤ ਮੁਹਾਰਤ ਵਾਲੇ (ਐੱਲ ਈ ਪੀ) ਅਦਾਲਤ ਦੇ ਸਾਰੇ ਵਰਤੋਂਕਾਰਾਂ ਦੀ ਬੋਲੀ ਤੱਕ ਪਹੁੰਚ ਯਕੀਨੀ ਬਣੇ। ਜੂਨ 2013 ਵਿਚ, ਕੈਲੇਫੋਰਨੀਆ ਦੀ ਬੋਲੀ ਤੱਕ ਪਹੁੰਚ ਦੀ ਪਲੈਨ ਲਈ ਜੋਆਇੰਟ ਵਰਕਿੰਗ ਗਰੁੱਪ ਦੀ ਸਥਾਪਨਾ ਕੀਤੀ ਗਈ ਜਿਸ ਦਾ ਮਕਸਦ ਇਕ ਅਜਿਹੀ ਪਲੈਨ ਬਣਾਉਣਾ ਸੀ ਜਿਹੜੀ ਸਾਰੇ ਕੈਲੇਫੋਰਨੀਆ ਦੇ ਅੰਗਰੇਜ਼ੀ ਦੀ ਸੀਮਤ ਮੁਹਾਰਤ ਵਾਲੇ ਅਦਾਲਤੀ ਵਰਤੋਂਕਾਰਾਂ ਨੂੰ ਸਰਵਿਸ ਦੇਵੇ। ਵਰਕਿੰਗ ਗਰੁੱਪ ਵਿਚ ਕੋਰਟ ਇੰਟਰਪਰੇਟਰਜ਼ ਐਡਵਾਈਜ਼ਰੀ ਪੈਨਲ ਅਤੇ ਐਡਵਾਈਜ਼ਰੀ ਕਮੇਟੀ ਔਨ ਪ੍ਰੋਵਾਈਡਿੰਗ ਐਕਸੈੱਸ ਐਂਡ ਫੇਅਰਨੈੱਸ ਦੇ ਮੈਂਬਰਾਂ ਦੇ ਨਾਲ ਨਾਲ, ਦਿਲਚਸਪੀ ਰੱਖਣ ਵਾਲੇ ਹੋਰ ਲੋਕ ਅਤੇ ਬੋਲੀ ਤੱਕ ਪਹੁੰਚ ਦੇ ਸਲਾਹਕਾਰ ਸਨ।

## ਤਰੀਕਾ ਅਤੇ ਕਾਰਜ-ਵਿਧੀ

ਕੈਲੇਫੋਰਨੀਆ ਦੇਸ਼ ਵਿਚ ਸਭ ਤੋਂ ਜ਼ਿਆਦਾ ਭਿੰਨਤਾ ਵਾਲੀ (ਡਾਇਵਰਸ) ਸਟੇਟ ਹੈ, ਜਿੱਥੇ ਤਕਰੀਬਨ 7 ਮਿਲੀਅਨ ਐੱਲ ਈ ਪੀ (ਅੰਗਰੇਜ਼ੀ ਦੀ ਸੀਮਤ ਮੁਹਾਰਤ ਵਾਲੇ) ਵਸਨੀਕ ਅਤੇ ਅਦਾਲਤ ਦੀ ਸੰਭਾਵੀ ਵਰਤੋਂ ਵਾਲੇ ਹਨ, ਜੋ ਕਿ ਇਕ ਵਿਸ਼ਾਲ ਭੂਗੋਲਿਕ ਖੇਤਰ ਵਿਚ ਫੈਲੇ ਹੋਏ ਹਨ ਅਤੇ 200 ਨਾਲੋਂ ਜ਼ਿਆਦਾ ਜ਼ਬਾਨਾਂ ਬੋਲਦੇ ਹਨ। ਇਸ ਕਰਕੇ, ਸਟੇਟ ਭਰ ਵਿਚ ਬੋਲੀ ਤੱਕ ਪਹੁੰਚ ਦੀ ਇਕ ਵਿਆਪਕ ਪਲੈਨ ਤਿਆਰ ਕਰਨ ਦੀ ਕੋਸ਼ਿਸ਼ ਵਿਚ, ਕੀਮਤੀ ਸੁਝਾਅ ਲੈਣ ਲਈ ਸਟੇਟ ਭਰ ਵਿਚ ਕੋਰਟ ਲੀਡਰਾਂ ਅਤੇ ਦਿਲਚਸਪੀ ਰੱਖਦੀਆਂ ਬੋਲੀ ਤੱਕ ਪਹੁੰਚ ਦੀਆਂ ਧਿਰਾਂ ਨੂੰ ਸ਼ਾਮਲ ਕਰਨ ਲਈ ਕਈ ਫੋਰਮ ਸ਼ਾਮਲ ਕੀਤੇ ਗਏ। ਜੋਆਇੰਟ ਵਰਕਿੰਗ ਗਰੁੱਪ ਨੇ ਕੋਰਟ ਐਗਜ਼ੈਕਟਿਵ ਅਫਸਰਾਂ ਅਤੇ ਪ੍ਰਧਾਨਗੀ ਕਰਨ ਵਾਲੇ ਜੱਜਾਂ, ਕੋਰਟ ਇੰਟਰਪਰੇਟਰ ਸੰਸਥਾਵਾਂ (ਜਿਸ ਵਿਚ ਕੈਲੇਫੋਰਨੀਆ ਫੈਡਰੇਸ਼ਨ ਔਫ ਇੰਟਰਪਰੇਟਰਜ਼ ਅਤੇ ਕੌਨਟਰੈਕਟ ਇੰਟਰਪਰੇਟਰ ਗਰੁੱਪਾਂ ਸਮੇਤ), ਅਤੇ ਕਾਨੂੰਨੀ ਸੇਵਾਵਾਂ ਦੇਣ ਵਾਲਿਆਂ ਨੂੰ ਸੁਣਨ ਲਈ ਸੈਸ਼ਨਾਂ ਦੀ ਲੜੀ ਚਲਾਈ। ਸੁਣਨ ਦੇ ਸੈਸ਼ਨਾਂ ਵਿਚ, ਹਿੱਸਾ ਲੈਣ ਵਾਲਿਆਂ ਨੇ ਬੋਲੀ ਤੱਕ ਪਹੁੰਚ ਲਈ ਖਰੜੇ 'ਤੇ ਵਿਚਾਰ ਕੀਤੀ ਅਤੇ ਕੈਲੇਫੋਰਨੀਆ ਦੀਆਂ ਅਦਾਲਤਾਂ ਲਈ ਬੋਲੀ ਤੱਕ ਪਹੁੰਚ ਨਾਲ ਸੰਬੰਧਿਤ ਮਹੱਤਵਪੂਰਨ ਚੁਣੌਤੀਆਂ ਅਤੇ ਮੌਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ।

ਫਿਰ ਫਰਵਰੀ ਦੇ ਅੰਤ ਅਤੇ ਮਾਰਚ 2014 ਦੇ ਸ਼ੁਰੂ ਵਿਚ, ਬੋਲੀ ਤੱਕ ਪਹੁੰਚ ’ਤੇ ਸੈਨ ਫਰਾਂਸਿਸਕੋ, ਲੌਸ ਐਂਜਲਸ ਅਤੇ ਸੈਕਰਾਮੈਂਟੋ ਵਿਚ ਤਿੰਨ ਜਨਤਕ ਸੁਣਵਾਈਆਂ (ਪਬਲਿਕ ਹੀਅਰਿੰਗਜ਼) ਕੀਤੀਆਂ ਗਈਆਂ। ਜਨਤਕ ਸੁਣਵਾਈਆਂ ਲਈ ਨੋਟਿਸ, ਜਿਸ ਵਿਚ ਏਜੰਡਾ, ਇਕ ਤੱਥ ਸ਼ੀਟ ਅਤੇ ਖਰੜਾ ਸ਼ਾਮਲ ਸਨ – ਕਈ ਜ਼ਬਾਨਾਂ ਵਿਚ ਪ੍ਰਦਾਨ ਕੀਤੇ ਗਏ ਅਤੇ ਕੈਲੇਫੋਰਨੀਆ ਕੋਰਟਸ ਦੇ ਵੈੱਬਸਾਈਟ ’ਤੇ ਵੀ ਪਾਏ ਗਏ।[1] ਸੁਣਵਾਈਆਂ ਵਿਚ ਮਾਹਰਾਂ ਨੇ ਸਥਾਨਕ, ਸਟੇਟ, ਨੈਸ਼ਨਲ, ਹੈਲਥ-ਕੇਅਰ, ਅਦਾਲਤ ਅਤੇ ਕਾਨੂੰਨੀ ਦ੍ਰਿਸ਼ਟੀਕੋਣਾਂ ਤੋਂ ਆਪਣੇ ਵਿਚਾਰ ਦਿੱਤੇ। ਹਰ ਇਲਾਕੇ ਮੁਤਾਬਕ ਦੋਭਾਸ਼ੀਆਂ ਰਾਹੀਂ ਬੋਲੀ ਤੱਕ ਢੁਕਵੀਂ ਪਹੁੰਚ ਪ੍ਰਦਾਨ ਕੀਤੀ ਗਈ ਅਤੇ ਸੁਣਵਾਈਆਂ ਦਾ ਪ੍ਰਸਾਰਨ ਵੈੱਬ ’ਤੇ ਵੀ ਕੀਤਾ ਗਿਆ। ਸੁਣਵਾਈਆਂ ਤੋਂ ਬਾਅਦ, ਆਡੀਓ ਅਤੇ ਲਿਖਤੀ ਵਿਚਾਰ, ਪੈਨਲਿਸਟਾਂ ਦੀਆਂ ਤਿਆਰ ਪੇਸ਼ਕਾਰੀਆਂ ਦੇ ਨਾਲ ਨਾਲ ਜੋਆਇੰਟ ਵਰਕਿੰਗ ਗਰੁੱਪ ਦੇ ਵੈੱਬ ਪੈਜ ’ਤੇ ਪਾਏ ਗਏ।[2] ਸਾਰੇ ਵਿਅਕਤੀਆਂ ਅਤੇ ਗਰੁੱਪਾਂ ਵਲੋਂ ਪ੍ਰਦਾਨ ਕੀਤੇ ਗਏ ਵਿਚਾਰਸ਼ੀਲ, ਵਿਭਿੰਨ ਅਤੇ ਕੀਮਤੀ ਦ੍ਰਿਸ਼ਟੀਕੋਣ ਪਲੈਨ ਦਾ ਖਰੜਾ ਤਿਆਰ ਕਰਨ ਦਾ ਵਸੀਲਾ ਬਣੇ।

ਜਨਤਕ ਸੁਣਵਾਈਆਂ ਤੋਂ ਬਾਅਦ, ਪਲੈਨ ਦੇ ਖਰੜੇ ਲਈ ਢੁਕਵੀਂਆਂ ਸਿਫਾਰਸ਼ਾਂ ਕਰਨ ਲਈ ਜੋਆਇੰਟ ਵਰਕਿੰਗ ਗਰੁੱਪ ਨੇ ਦਿਲਚਸਪੀ ਰੱਖਦੀਆਂ ਸਾਰੀਆਂ ਧਿਰਾਂ ਦੇ ਵਿਚਾਰਾਂ ਦੀ ਪੜਚੋਲ ਅਤੇ ਵਿਸ਼ਲੇਸ਼ਣ ਕਰਨ ਦਾ ਗੁੰਝਲਦਾਰ ਕੰਮ ਸ਼ੁਰੂ ਕੀਤਾ।

## ਦਿਲਚਸਪੀ ਰੱਖਦੀਆਂ ਧਿਰਾਂ ਦੇ ਫਿਕਰ

ਭਾਵੇਂ ਕਿ ਕਵਰ ਕੀਤੇ ਗਏ ਵਿਸ਼ਿਆਂ ਦਾ ਘੇਰਾ, ਸਾਂਝੇ ਕੀਤੇ ਗਏ ਦ੍ਰਿਸ਼ਟੀਕੋਣ ਅਤੇ ਦੱਸੇ ਗਏ ਅਨੁਭਵ ਵਿਆਪਕ ਸਨ, ਪਲੈਨਿੰਗ ਦੇ ਕਾਰਜ ਦੌਰਾਨ ਜਿਹੜੇ ਕੁਝ ਮੁੱਖ ਵਿਸ਼ੇ ਸਾਹਮਣੇ ਆਏ, ਉਹ ਸਨ:

- ਐੱਲ ਈ ਪੀ ਬੁਲਾਰੇ ਜਿਨ੍ਹਾਂ ਨੂੰ ਵੱਖ ਵੱਖ ਸਿਵਲ ਕੇਸਾਂ – ਫੈਮਿਲੀ ਲਾਅ ਤੋਂ ਲੈ ਕੇ ਘਰੇਲੂ ਹਿੰਸਾ ਤੋਂ ਲੈ ਕੇ ਬੇਦਖਲੀਆਂ ਤੱਕ– ਲਈ ਨਿਆਂ ਸਿਸਟਮ ਦੀ ਵਰਤੋਂ ਕਰਨ ਦੀ ਲੋੜ ਪੈਂਦੀ ਹੈ, ਉਹ ਬੋਲੀ ਦੀਆਂ ਰੁਕਾਵਟਾਂ ਕਾਰਨ ਅਦਾਲਤਾਂ ਦੇ ਕਾਰਜਾਂ ਤੱਕ ਅਰਥ ਭਰਪੂਰ ਢੰਗ ਨਾਲ ਪਹੁੰਚ ਕਰਨ ਤੋਂ ਅਸਮਰੱਥ ਹਨ। ਸੁਣਵਾਈਆਂ ਅਤੇ ਸਬੂਤਾਂ ਦੀ ਪੇਸ਼ਕਾਰੀ (ਟਰਾਇਲਜ਼) ਵਰਗੀਆਂ ਮਹੱਤਵਪੂਰਨ ਕਾਨੂੰਨੀ ਕਾਰਵਾਈਆਂ ਵਿਚ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਅਕਸਰ ਅਦਾਲਤ ਨਾਲ ਗੱਲਬਾਤ ਕਰਨ ਲਈ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ’ਤੇ ਨਿਰਭਰ ਹੋਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਹ ਅਨਾੜੀ ਦੋਭਾਸ਼ੀਏ, ਅਦਾਲਤ ਅਤੇ ਐੱਲ ਈ ਪੀ ਮੁਕੱਦਮੇਬਾਜ਼ਾਂ ਵਿਚਕਾਰ ਗੱਲਬਾਤ ਕਰਨ ਲਈ ਸਹੀ ਤਰੀਕੇ ਅਤੇ ਪੂਰੀ ਤਰ੍ਹਾਂ ਮਦਦ ਕਰਨ ਲਈ ਬਹੁਤ ਹੀ ਘੱਟ ਟਰੇਂਡ ਹੁੰਦੇ ਹਨ। ਸਹੀ ਗੱਲਬਾਤ ਯਕੀਨੀ ਬਣਾਉਣ ਵਿਚ ਫੇਲ੍ਹ ਹੋਣਾ ਮੁਢਲੀਆਂ ਗਲਤਫਹਿਮੀਆਂ ਅਤੇ ਭੰਬਲਭੂਸੇ ਪੈਦਾ ਕਰਨ ਦਾ ਕਾਰਨ ਬਣ ਸਕਦਾ ਹੈ, ਅਤੇ ਐੱਲ ਈ ਪੀ ਅਦਾਲਤੀ ਵਰਤੋਂਕਾਰਾਂ ਦੇ ਮਹੱਤਵਪੂਰਨ ਕਾਨੂੰਨੀ ਹੱਕਾਂ ਦਾ ਨੁਕਸਾਨ ਹੋ ਸਕਦਾ ਹੈ ਜਾਂ ਹੱਲ ਲੱਭਣ ਦੀ ਅਸਮਰੱਥਾ ਪੈਦਾ ਹੋ ਸਕਦੀ ਹੈ।

- ਬੋਲੀ ਤੱਕ ਪਹੁੰਚ ਸੰਪਰਕ ਦੇ ਉਨ੍ਹਾਂ ਸਾਰੇ ਜ਼ਰੂਰੀ ਜਾਂ ਮਹੱਤਵਪੂਰਨ ਪੋਆਇੰਟਾਂ ’ਤੇ ਪ੍ਰਦਾਨ ਕੀਤੀ ਜਾਣੀ ਜ਼ਰੂਰੀ ਹੈ ਜਿਹੜੇ ਐੱਲ ਈ ਪੀ ਵਿਅਕਤੀਆਂ ਦੇ ਅਦਾਲਤੀ ਸਿਸਟਮ ਨਾਲ ਹੁੰਦੇ ਹਨ। ਐੱਲ ਈ ਪੀ ਧਿਰਾਂ ਅਕਸਰ ਕਾਨੂੰਨੀ ਚਾਰਾਜੋਈ ਦੇ ਸਭ ਤੋਂ ਪਹਿਲੇ ਕਦਮਾਂ ਨਾਲ ਨਿਪਟਣ ਤੋਂ ਅਸਮਰੱਥ ਹੁੰਦੀਆਂ ਹਨ, ਜਿਵੇਂ ਕਿ ਇਹ ਜਾਣਨਾ ਕਿ ਉਨ੍ਹਾਂ ਲਈ ਕਿਹੜੇ ਚਾਰੇ ਜਾਂ ਕਾਨੂੰਨੀ ਸੁਰੱਖਿਆਵਾਂ ਮੌਜੂਦ ਹੋ ਸਕਦੀਆਂ ਹਨ ਅਤੇ ਇਹ ਕਿੱਥੋਂ ਲੱਭਣੀਆਂ ਹਨ, ਕਿਹੜੀਆਂ ਕਾਨੂੰਨੀ ਕਾਰਵਾਈਆਂ ਦੀ ਪਾਲਣਾ ਕਰਨੀ ਹੈ ਅਤੇ ਇਹ ਸਮਝਣਾ ਕਿ ਅਦਾਲਤ ਦੇ ਫਾਰਮ ਕਿਵੇਂ ਅਤੇ ਕਿੱਥੇ ਭਰਨੇ ਅਤੇ ਦਰਜ ਕਰਵਾਉਣੇ ਹਨ।

[1] ਐੱਲ ਏ ਪੀ ਜੋਆਇੰਟ ਵਰਕਿੰਗ ਗਰੁੱਪ ਦਾ *www.courts.ca.gov/LAP.htm* ’ਤੇ ਵੈੱਬ ਪੇਜ ਦੇਖੋ।

[2] *ਉਪ੍ਰੋਕਤ*

- ਬੋਲੀ ਤੱਕ ਪਹੁੰਚ, ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਦੇ ਅਦਾਲਤ ਦੇ ਬੂਹਿਆਂ ਤੱਕ ਪਹੁੰਚਣ ਤੋਂ ਪਹਿਲਾਂ ਸ਼ੁਰੂ ਹੋਣੀ ਜ਼ਰੂਰੀ ਹੈ; ਇਹ ਕਮਿਉਨਟੀ ਤੱਕ ਪਹੁੰਚ, ਲੋਕਾਂ ਨੂੰ ਸਿਖਿਅਤ ਕਰਨ ਦੇ ਯਤਨਾਂ ਅਤੇ ਵੈੱਬ-ਆਧਾਰਿਤ ਪਹੁੰਚ ਨਾਲ ਸ਼ੁਰੂ ਹੋਣੀ ਜ਼ਰੂਰੀ ਹੈ। ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਉਦੋਂ ਉਪਲਬਧ ਹੋਣੀਆਂ ਜ਼ਰੂਰੀ ਹਨ ਜਦੋਂ ਅਦਾਲਤ ਦੀ ਵਰਤੋਂ ਕਰਨ ਵਾਲਾ ਐੱਲ ਈ ਪੀ ਅਦਾਲਤ ਵਿਚ ਦਾਖਲ ਹੁੰਦਾ ਹੈ ਅਤੇ ਇਹ ਅਦਾਲਤ ਅੰਦਰਲੇ ਸੰਪਰਕ ਦੇ ਸਾਰੇ ਪੋਆਇੰਟਾਂ ’ਤੇ ਹੋਣੀਆਂ ਜ਼ਰੂਰੀ ਹਨ ਜਿਵੇਂ ਕਿ ਸਵੈ-ਮਦਦ ਦੇ ਸੈਂਟਰ, ਮਤਭੇਦਾਂ ਦੇ ਹੱਲ ਲਈ ਬਦਲਵੀਂਆਂ ਸੇਵਾਵਾਂ (ਅਲਟਰਨੇਟ ਡਿਸਪਿਊਟ ਰੈਜ਼ੋਲੂਸ਼ਨ ਸਰਵਿਸਿਜ਼), ਅਤੇ ਕਲਰਕਾਂ ਦੇ ਕਾਊਂਟਰ।

- ਖਾਸ ਤੌਰ ’ਤੇ ਅਦਾਲਤ ਦੇ ਐਡਮਿਨਸਟਰੇਟਰਾਂ ਨੇ ਜੂਡੀਸ਼ੀਅਲ ਬਰਾਂਚ ਲਈ ਜ਼ਿਆਦਾ ਫੰਡਾਂ ਦੀ ਜ਼ਰੂਰੀ ਲੋੜ ਬਾਰੇ ਟਿੱਪਣੀਆਂ ਕੀਤੀਆਂ ਜੋ ਕਿ ਫਿਕਰਮੰਦ ਸਨ ਕਿ ਬਿਨਾਂ ਵਾਧੂ ਫੰਡਾਂ ਦੇ ਬੋਲੀ ਤੱਕ ਪਹੁੰਚ ਦੀ ਪਲੈਨ ਦੀ ਪਾਲਣਾ ਕਰਨ ਵਿਚ ਮੁਸ਼ਕਲਾਂ ਆਉਣਗੀਆਂ ਜਾਂ ਇਸ ਨਾਲ ਹੋਰ ਖੇਤਰਾਂ ਵਿਚ ਸੇਵਾਵਾਂ ਘਟਣਗੀਆਂ। ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਨੂੰ ਵਧਾਉਣ ਦੀ ਭਾਵੇਂ ਦਿਲਚਸਪੀ ਰੱਖਣ ਵਾਲੀਆਂ ਸਾਰੀਆਂ ਧਿਰਾਂ ਵਲੋਂ ਹਿਮਾਇਤ ਕੀਤੀ ਗਈ, ਪਰ ਇਸ ਨਾਲ ਵਿੱਤੀ ਮੰਗਾਂ ਪੈਦਾ ਹੁੰਦੀਆਂ ਹਨ ਜਿਹੜੀਆਂ ਕੁਝ ਕੁ ਹੱਦ ਤੱਕ ਬੋਲੀ ਦੀਆਂ ਸੇਵਾਵਾਂ ਵਿਚ ਕਾਰਗਰਤਾ ਨਾਲ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ, ਪਰ ਜ਼ਿਆਦਾ ਮਹੱਤਵਪੂਰਨ ਹੈ ਕਿ ਇਸ ਮੰਤਵ ਲਈ ਢੁਕਵੇਂ ਵਾਧੂ ਫੰਡਾਂ ਦੀ ਲੋੜ ਪਵੇਗੀ ਨਾ ਕਿ ਅਦਾਲਤ ਦੀਆਂ ਹੋਰ ਸੇਵਾਵਾਂ ਦੇ ਪਹਿਲਾਂ ਹੀ ਘੱਟ ਵਸੀਲਿਆਂ ਨੂੰ ਇਸ ਪਾਸੇ ਵਲ ਤਬਦੀਲ ਕਰਕੇ।

- ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਵਿਚ ਸੁਧਾਰ ਕਰਨ ਦੇ ਕਿਸੇ ਵੀ ਤਰ੍ਹਾਂ ਦੇ ਯਤਨਾਂ ਵਿਚ, ਕੈਲੇਫੋਰਨੀਆ ਵਿਚ ਐੱਲ ਈ ਪੀ ਕਮਿਉਨਟੀਆਂ ’ਤੇ ਅੰਕੜੇ ਇਕੱਠੇ ਕਰਨ ਲਈ ਇਕ ਜ਼ਿਆਦਾ ਵਿਆਪਕ ਪ੍ਰਬੰਧ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਵਸੋਂ ਦੇ ਅੰਕੜਿਆਂ ਦੇ ਰਵਾਇਤੀ ਸ੍ਰੋਤ, ਸਟੇਟ ਵਿਚ ਐੱਲ ਈ ਪੀ ਵਸਨੀਕਾਂ ਦੀ ਮੌਜੂਦਾ ਗਿਣਤੀ ਦਾ ਘੱਟ ਅੰਦਾਜ਼ਾ ਲਾਉਂਦੇ ਹਨ, ਖਾਸ ਤੌਰ ’ਤੇ ਭਾਸ਼ਾਈ ਤੌਰ ’ਤੇ ਅਲੱਗ ਰਹਿ ਰਹੀਆਂ ਕਮਿਉਨਟੀਆਂ, ਪਰਵਾਸੀ ਵਰਕਰਾਂ, ਅਤੇ ਅਬਰਿਜਨਲ ਬੋਲੀ ਬੋਲਣ ਵਾਲਿਆਂ ਦੇ ਸੰਬੰਧ ਵਿਚ। ਇਸੇ ਤਰ੍ਹਾਂ ਜਾਣਕਾਰੀ (ਡੈਟਾ) ਦੇ ਇਹ ਸ੍ਰੋਤ ਪ੍ਰਗਟ ਹੋ ਰਹੀਆਂ ਬੋਲੀਆਂ ਦੀ ਸਹੀ ਪੈੜ ਰੱਖਣ ਵਿਚ ਫੇਲ੍ਹ ਹੋਏ ਹਨ।

- ਜਿਵੇਂ ਜਿਵੇਂ ਸੇਵਾਵਾਂ ਵਧਾਈਆਂ ਜਾ ਰਹੀਆਂ ਹਨ, ਇਹ ਸਵਾਲ ਕਾਇਮ ਰਹਿੰਦਾ ਹੈ ਕਿ ਕੀ ਸਰਟੀਫਾਈਡ ਅਤੇ ਰਜਿਸਟਰਿਡ ਕੋਰਟ ਇੰਟਰਪਰੇਟਰਾਂ ਦਾ ਮੌਜੂਦਾ ਪੂਲ ਸੰਭਵ ਮੰਗ ਪੂਰੀ ਕਰਨ ਲਈ ਕਾਫੀ ਹੈ, ਕਿਉਂਕਿ ਸਾਰੀਆਂ ਅਦਾਲਤੀ ਕਾਰਵਾਈਆਂ ਅਤੇ ਸੰਪਰਕ ਦੇ ਪੋਆਇੰਟਾਂ ’ਤੇ ਬੋਲੀ ਤੱਕ ਪਹੁੰਚ ਵਧਾਉਣ ਦੇ ਖਰਚੇ ਬਾਰੇ ਅੰਦਾਜ਼ੇ ਵੱਡੇ ਰੂਪ ਵਿਚ ਵੱਖ ਵੱਖ ਹਨ। ਐਸਟੀਮੇਟ ਲਾਉਣੇ ਪੈਣਗੇ, ਅਤੇ ਇਸ ਵਿਚ ਸਾਰੇ ਸੰਬੰਧਿਤ ਖਰਚੇ ਸ਼ਾਮਲ ਕਰਨਾ ਜ਼ਰੂਰੀ ਹੈ, ਜਿਵੇਂ ਕਿ ਟੈਕਨੋਲੋਜੀ, ਟਰੇਨਿੰਗ ਅਤੇ ਸਾਈਨ।

- ਵੀਡੀਓ ਰੀਮੋਟ ਇੰਟਰਪਰੇਟਿੰਗ, ਟੈਲੀਫੋਨ ’ਤੇ ਇੰਟਰਪਰੇਟੇਸ਼ਨ, ਵੈੱਬ ’ਤੇ ਪਹੁੰਚ ਅਤੇ ਬਹੁਭਾਸ਼ਾਈ ਆਡੀਓਵਿਜ਼ੂਅਲ ਟੂਲਜ਼ ਵਰਗੀਆਂ ਟੈਕਨੋਲੋਜੀਆਂ ਦਾ ਸਟੇਟ ਭਰ ਵਿਚ ਬੋਲੀ ਤੱਕ ਪਹੁੰਚ ਵਿਚ ਨਿਭਾਉਣ ਲਈ ਇਕ ਮਹੱਤਵਪੂਰਨ ਰੋਲ ਹੈ। ਪਰ, ਇਹ ਪੱਕਾ ਕਰਨ ਵੇਲੇ ਅਦਾਲਤਾਂ ਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਟੈਕਨੋਲੋਜੀ ਦੀ ਵਰਤੋਂ ਹਾਲਤ ਮੁਤਾਬਕ ਢੁਕਵੀਂ ਹੈ, ਅਤੇ ਹੱਕਾਂ ਦੀਆਂ ਰਖਵਾਲੀਆਂ ਯਕੀਨੀ ਬਣਾਈਆਂ ਜਾ ਰਹੀਆਂ ਹਨ ਅਤੇ ਉੱਚ ਕੁਆਲਟੀ ਕਾਇਮ ਰੱਖੀ ਜਾ ਰਹੀ ਹੈ।

- ਸਾਰੇ ਕੈਲੇਫੋਰਨੀਅਨਾਂ ਲਈ ਅਦਾਲਤੀ ਸਿਸਟਮ ਵਿਚ ਬੋਲੀ ਦੀ ਅਰਥਭਰਪੂਰ ਪਹੁੰਚ ਯਕੀਨੀ ਬਣਾਉਣ ਦੇ ਕਿਸੇ ਵੀ ਯਤਨ ਵਿਚ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨਾਲ ਹਿੱਸੇਦਾਰੀ ਜ਼ਰੂਰ ਸ਼ਾਮਲ ਹੋਣੀ ਚਾਹੀਦੀ ਹੈ। ਇਨ੍ਹਾਂ ਧਿਰਾਂ ਵਿਚ ਕਮਿਉਨਟੀ ਆਧਾਰਿਤ ਸੇਵਾਵਾਂ ਦੇਣ ਵਾਲੇ ਸ਼ਾਮਲ ਹਨ ਜਿਵੇਂ ਕਿ ਸਮਾਜਿਕ ਸੇਵਾਵਾਂ ਦੇਣ ਵਾਲੀਆਂ

ਸੰਸਥਾਵਾਂ, ਘਰੇਲੂ ਹਿੰਸਾ ਦੇ ਐਡਵੋਕੇਟਸ, ਮਾਨਸਿਕ ਸਿਹਤ ਦੀਆਂ ਸੇਵਾਵਾਂ ਦੇਣ ਵਾਲੇ ਅਤੇ ਨਸ਼ਿਆਂ ਦੀ ਦੁਰਵਰਤੋਂ ਦੇ ਇਲਾਜ ਦੇ ਪ੍ਰੋਗਰਾਮ; ਜਸਟਿਸ ਪਾਰਟਨਰ ਜਿਵੇਂ ਕਿ ਕਾਨੂੰਨੀ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ, ਅਦਾਲਤੀ ਦੋਭਾਸ਼ੀਆਂ ਦੀਆਂ ਸੰਸਥਾਵਾਂ, ਡਿਸਟਰਿਕਟ ਅਟਾਰਨੀ, ਪਬਲਿਕ ਡਿਫੈਂਡਰ, ਕਾਨੂੰਨ ਲਾਗੂ ਕਰਨ ਵਾਲੇ, ਜੇਲ੍ਹਾਂ, ਪ੍ਰੋਬੇਸ਼ਨ ਡਿਪਾਰਟਮੈਂਟ, ਅਤੇ ਪ੍ਰਬੰਧਕੀ ਏਜੰਸੀਆਂ; ਅਤੇ ਬੋਲੀ ਤੱਕ ਪਹੁੰਚ ਦੇ ਮਾਹਰ।

- ਬਰਾਂਚ ਨੂੰ ਸੰਭਾਵੀ ਦੋਭਾਸ਼ੀਏ ਭਰਤੀ ਕਰਨ ਲਈ ਜ਼ਿਆਦਾ ਸਰਗਰਮ ਹੋਣਾ ਚਾਹੀਦਾ ਹੈ ਅਤੇ ਅਜਿਹਾ ਉਨ੍ਹਾਂ ਦੀ ਪੜ੍ਹਾਈ ਦੇ ਅਗੇਤੇ ਪੜਾਵਾਂ ’ਤੇ ਕੀਤਾ ਜਾਣਾ ਚਾਹੀਦਾ ਹੈ, ਖਾਸ ਕਰਕੇ ਹਾਈ ਸਕੂਲਾਂ ਵਿਚ, ਅਤੇ ਫਿਰ ਕਮਿਉਨਟੀ ਕਾਲਜ ਅਤੇ ਯੂਨੀਵਰਸਿਟੀ ਦੇ ਪ੍ਰੋਗਰਾਮਾਂ ਤੱਕ ਵਧਣਾ ਚਾਹੀਦਾ ਹੈ। ਸੰਭਾਵੀ ਦੋਭਾਸ਼ੀਆਂ ਅਤੇ ਬਹੁਭਾਸ਼ਾਈ ਅਦਾਲਤੀ ਮੁਲਾਜ਼ਮਾਂ ਦੀ ਸਪਲਾਈ ਵਿਕਸਤ ਕਰਨ ਲਈ ਅਦਾਲਤਾਂ ਨੂੰ ਵਿਦਿਅਕ ਅਦਾਰਿਆਂ ਨਾਲ ਭਾਈਵਾਲੀ ਕਾਇਮ ਕਰਨੀ ਚਾਹੀਦੀ ਹੈ।

- ਅੱਗੇ ਦਿੱਤੀਆਂ ਗੱਲਾਂ ਲਈ ਜੁਡੀਸ਼ੀਅਲ ਅਫਸਰਾਂ, ਅਦਾਲਤ ਦੇ ਸਟਾਫ ਅਤੇ ਸਕਿਉਰਟੀ ਅਮਲੇ ਨੂੰ ਟਰੇਨਿੰਗ ਦੀ ਲੋੜ ਜ਼ਰੂਰੀ ਹੈ: (1) ਅਦਾਲਤ ਨਾਲ ਸੰਪਰਕ ਦੇ ਸਾਰੇ ਪੋਆਇੰਟਾਂ ’ਤੇ ਅਦਾਲਤ ਦੀ ਵਰਤੋਂ ਕਰਨ ਵਾਲਿਆਂ ਦੀਆਂ ਲੋੜਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਦਾ ਹੱਲ ਕਰਨ ਲਈ; (2) ਵੱਖ ਵੱਖ ਐਥਨਿਕ ਭਾਈਚਾਰਿਆਂ ਦੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਲਈ, ਜਿਸ ਨਾਲ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨਾਲ ਆਦਰ ਵਾਲਾ ਵਰਤਾਉ ਯਕੀਨੀ ਬਣ ਸਕਦਾ ਹੈ; (3) ਇਹ ਪੱਕਾ ਕਰਨ ਲਈ ਕਿ ਦੋਭਾਸ਼ੀਏ ਸਰਟੀਫਾਈਡ ਹਨ ਅਤੇ ਪੂਰੀ ਤਰ੍ਹਾਂ ਯੋਗਤਾਪ੍ਰਾਪਤ ਹਨ; (4) ਅਦਾਲਤ ਦੀਆਂ ਕਾਰਵਾਈਆਂ ਨੂੰ ਇਸ ਤਰੀਕੇ ਨਾਲ ਕਰਨ ਲਈ ਕਿ ਜਿਸ ਨਾਲ ਬੋਲੀ ਤੱਕ ਪਹੁੰਚ ਦੀ ਵੱਧ ਤੋਂ ਵੱਧ ਕੁਆਲਟੀ ਵਾਲੀ ਸੁਵਿਧਾ ਦਿੱਤੀ ਜਾ ਸਕੇ।

## ਪਲੈਨ ਦੇ ਟੀਚੇ

ਜੋਆਇੰਟ ਵਰਕਿੰਗ ਗਰੁੱਪ (ਸਾਂਝੇ ਗਰੁੱਪ) ਨੇ ਹੇਠ ਲਿਖੇ 8 ਜੁਗਤੀ ਟੀਚਿਆਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਨੇ ਪਲੈਨ ਦੀ ਤਿਆਰੀ ਵਿਚ ਸੇਧ ਦਿੱਤੀ ਹੈ:

- **ਟੀਚਾ 1: ਬੋਲੀ ਦੀਆਂ ਲੋੜਾਂ ਦੀ ਛੇਤੀ ਪਛਾਣ ਅਤੇ ਅੰਕੜੇ ਇਕੱਠੇ ਕਰਨ ਵਿਚ ਸੁਧਾਰ ਕਰਨਾ**
  ਜੂਡੀਸ਼ੀਅਲ ਕੌਂਸਲ ਸਟੇਟ ਭਰ ਵਿਚ ਸੀਮਤ ਅੰਗਰੇਜ਼ੀ ਵਾਲੇ ਕੈਲੇਫੋਰਨੀਅਨਾਂ ਦੀਆਂ ਬੋਲੀ ਤੱਕ ਪਹੁੰਚ ਦੀਆਂ ਲੋੜਾਂ ਦੀ ਪਛਾਣ ਕਰੇਗੀ, ਅਤੇ ਅਦਾਲਤਾਂ ਸਥਾਨਕ ਭਾਈਚਾਰਿਆਂ ਦੇ ਅੰਦਰ ਖਾਸ ਬੋਲੀ ਤੱਕ ਪਹੁੰਚ ਦੀਆਂ ਲੋੜਾਂ ਦੀ ਪਛਾਣ ਕਰਨਗੀਆਂ, ਅਤੇ ਅਜਿਹਾ ਐੱਲ ਈ ਪੀ ਕੈਲੇਫੋਰਨੀਅਨਾਂ ਨਾਲ ਅਦਾਲਤ ਦੇ ਤਾਲਮੇਲ ਵੇਲੇ ਛੇਤੀ ਤੋਂ ਛੇਤੀ ਕੀਤਾ ਜਾਵੇਗਾ।

- **ਟੀਚਾ 2: ਸਾਰੀਆਂ ਅਦਾਲਤੀ ਕਾਰਵਾਈਆਂ ਵਿਚ ਬੋਲੀ ਤੱਕ ਪਹੁੰਚ ਦੀਆਂ ਯੋਗਤਾ-ਪ੍ਰਾਪਤ ਸੇਵਾਵਾਂ ਪ੍ਰਦਾਨ ਕਰਨਾ**
  ਜਿੱਥੇ ਵਸੀਲੇ ਆਗਿਆ ਦਿੰਦੇ ਹੋਣ ਫੌਰਨ ਸ਼ੁਰੂ ਕਰਦੇ ਹੋਏ, ਸਾਲ 2017 ਤੱਕ ਕੈਲੇਫੋਰਨੀਆਂ ਦੀਆਂ ਅਦਾਲਤਾਂ ਵਿਚ, ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਯੋਗਤਾ-ਪ੍ਰਾਪਤ ਦੋਭਾਸ਼ੀਏ ਪ੍ਰਦਾਨ ਕੀਤੇ ਜਾਣਗੇ ਅਤੇ, ਸਾਲ 2020 ਤੱਕ, ਅਦਾਲਤ ਦੇ ਆਰਡਰ ਨਾਲ ਅਤੇ ਅਦਾਲਤ ਵਲੋਂ ਚਲਾਏ ਜਾਂਦੇ ਸਾਰੇ ਈਵੈਂਟਸ ਵਿਚ।[3]

[3] ਇਸ ਪਲੈਨ ਦੇ ਸੰਦਰਭ ਵਿਚ ਸ਼ਬਦ “ਪ੍ਰਦਾਨ ਕੀਤੇ ਜਾਣਗੇ” “ਯੋਗਤਾ-ਪ੍ਰਾਪਤ ਕੋਰਟ ਦੋਭਾਸ਼ੀਏ ਪ੍ਰਦਾਨ ਕੀਤੇ ਜਾਣਗੇ” ਦਾ ਮਤਲਬ ਹੈ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਬਿਨਾਂ ਕਿਸੇ ਖਰਚੇ ਦੇ ਅਤੇ ਕੋਸਟ ਰੀਕਵਰੀ ਤੋਂ ਬਿਨਾਂ।

- **ਟੀਚਾ 3: ਅਦਾਲਤੀ ਕਾਰਵਾਈਆਂ ਤੋਂ ਬਾਹਰ ਸੰਪਰਕ ਦੇ ਸਾਰੇ ਪੋਆਇੰਟਾਂ ’ਤੇ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਪ੍ਰਦਾਨ ਕਰਨਾ**
  ਸਾਲ 2020 ਤੱਕ, ਅਦਾਲਤਾਂ ਕੈਲੇਫੋਰਨੀਆਂ ਦੀਆਂ ਅਦਾਲਤਾਂ ਵਿਚ ਸੰਪਰਕ ਦੇ ਸਾਰੇ ਪੋਆਇੰਟਾਂ ’ਤੇ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਪ੍ਰਦਾਨ ਕਰਨਗੀਆਂ। ਅਦਾਲਤਾਂ ਬੋਲੀ ਦੀਆਂ ਉਪਲਬਧ ਸੇਵਾਵਾਂ ਦੀ ਪਬਲਿਕ ਨੂੰ ਸੂਚਨਾ ਦੇਣਗੀਆਂ।

- **ਟੀਚਾ 4: ਉੱਚ ਪੱਧਰ ਦੇ ਬਹੁਭਾਸ਼ਾਈ ਅਨੁਵਾਦ ਅਤੇ ਸਾਈਨ ਪ੍ਰਦਾਨ ਕਰਨਾ**
  ਜੂਡੀਸ਼ੀਅਲ ਕੌਂਸਲ, ਅਦਾਲਤਾਂ ਦੀ ਮਦਦ ਨਾਲ, ਸਾਰੀਆਂ ਢੁਕਵੀਂਆਂ ਬੋਲੀਆਂ ਵਿਚ ਉੱਚ ਕੁਆਲਟੀ ਦੇ ਦਸਤਾਵੇਜ਼ਾਂ ਦੇ ਅਨੁਵਾਦ ਅਤੇ ਅਦਾਲਤ ਦੇ ਸਾਈਨਾਂ ਲਈ ਬਿਹਤਰ ਅਮਲਾਂ ਅਤੇ ਵਸੀਲਿਆਂ ਦੀ ਪਛਾਣ ਕਰਨਗੀਆਂ।

- **ਟੀਚਾ 5: ਬੋਲੀ ਤੱਕ ਪਹੁੰਚ ਪ੍ਰਦਾਨ ਕਰਨ ਵਾਲਿਆਂ ਦੀ ਭਰਤੀ ਅਤੇ ਟਰੇਨਿੰਗ ਰਾਹੀਂ ਬੋਲੀ ਤੱਕ ਉੱਚ ਪੱਧਰ ਦੀ ਪਹੁੰਚ ਵਧਾਉਣਾ**
  ਅਦਾਲਤਾਂ ਅਤੇ ਜੂਡੀਸ਼ੀਅਲ ਕੌਂਸਲ ਇਹ ਪੱਕਾ ਕਰਨਗੀਆਂ ਕਿ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੇਣ ਵਾਲੇ ਸਾਰੇ ਲੋਕ ਉੱਚ ਕੁਆਲਟੀ ਦੀਆਂ ਸੇਵਾਵਾਂ ਦੇਣ। ਅਦਾਲਤਾਂ ਅਤੇ ਜੂਡੀਸ਼ੀਅਲ ਕੌਂਸਲ ਬਹੁਭਾਸ਼ਾਈ ਸਟਾਫ ਅਤੇ ਵਾਲੰਟੀਅਰਾਂ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਮੁਤਾਬਕ ਢੁਕਵੇਂ ਮੁਹਾਰਤ ਦੇ ਮਿਆਰ ਤਹਿ ਕਰਨਗੀਆਂ, ਬੋਲੀ ਦੀਆਂ ਸੇਵਾਵਾਂ ਦੇਣ ਵਾਲੇ ਸਾਰੇ ਲੋਕਾਂ ਨੂੰ ਜਾਰੀ ਰਹਿਣ ਵਾਲੀ ਟਰੇਨਿੰਗ ਦੇਣਗੀਆਂ, ਅਤੇ ਦੋਭਾਸ਼ੀਏ ਜਾਂ ਬਹੁਭਾਸ਼ੀ ਅਦਾਲਤੀ ਸਟਾਫ ਬਣਨ ਵਿਚ ਦਿਲਚਸਪੀ ਰੱਖਦੇ ਵਿਅਕਤੀਆਂ ਦੀ ਸਰਗਰਮ ਹੋ ਕੇ ਭਰਤੀ ਕਰਨਗੀਆਂ।

- **ਟੀਚਾ 6: ਬੋਲੀ ਤੱਕ ਪਹੁੰਚ ਦੀਆਂ ਪਾਲਸੀਆਂ ਅਤੇ ਤਰੀਕਿਆਂ ਬਾਰੇ ਜੂਡੀਸ਼ੀਅਲ ਬਰਾਂਚ ਨੂੰ ਟਰੇਨਿੰਗ ਦੇਣਾ**
  ਜੂਡੀਸ਼ੀਅਲ ਅਫਸਰ, ਕੋਰਟ ਐਡਮਿਨਸਟਰੇਟਰ, ਅਤੇ ਅਦਾਲਤ ਦੇ ਸਟਾਫ ਨੂੰ ਬੋਲੀ ਤੱਕ ਪਹੁੰਚ ਦੀਆਂ ਪਾਲਸੀਆਂ, ਤਰੀਕਿਆਂ ਅਤੇ ਮਿਆਰਾਂ ਬਾਰੇ ਟਰੇਨਿੰਗ ਮਿਲੇਗੀ ਤਾਂ ਜੋ ਉਹ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਦੀਆਂ ਲੋੜਾਂ ਦਾ ਇਕਸਾਰ ਅਤੇ ਅਸਰਦਾਰ ਹੁੰਗਾਰਾ ਭਰ ਸਕਣ ਅਤੇ ਅਜਿਹਾ ਬੋਲੀ ਤੱਕ ਪਹੁੰਚ ਦੀਆਂ ਸਭਿਆਚਾਰਕ ਤੌਰ ’ਤੇ ਢੁਕਵੀਂਆਂ ਸੇਵਾਾਂ ਦਿੰਦੇ ਹੋਏ ਕੀਤਾ ਜਾਵੇ।

- **ਟੀਚਾ 7: ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੇ ਸਬੰਧ ਵਿਚ ਕਮਿਉਨਟੀਆਂ ਤੱਕ ਪਹੁੰਚ ਕਰਨਾ**
  ਜੂਡੀਸ਼ੀਅਲ ਕੌਂਸਲ ਅਤੇ ਅਦਾਲਤਾਂ ਐੱਲ ਈ ਪੀ ਭਾਈਚਾਰਿਆਂ ਅਤੇ ਉਨ੍ਹਾਂ ਨੂੰ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਤੱਕ ਵਿਆਪਕ ਪਹੁੰਚ ਕਰਨਗੀਆਂ ਅਤੇ ਉਨ੍ਹਾਂ ਨਾਲ ਭਾਈਵਾਲੀ ਕਰਨਗੀਆਂ।

- **ਟੀਚਾ 8: ਪਲੈਨ ਨੂੰ ਲਾਗੂ ਕਰਨ ਅਤੇ ਬੋਲੀ ਤੱਕ ਪਹੁੰਚ ਲਈ ਲੋੜੀਂਦੇ ਸਿਸਟਮਾਂ, ਫੰਡਾਂ ਅਤੇ ਕਾਨੂੰਨ ਦੀ ਪਛਾਣ ਕਰਨਾ**
  ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਤੱਕ ਯੋਜਨਾਬੱਧ ਵਾਧਾ ਮੁਕੰਮਲ ਕਰਨ ਲਈ ਜੂਡੀਸ਼ੀਅਲ ਕੌਂਸਲ (1) ਢੁਕਵੇਂ ਫੰਡ ਹਾਸਲ ਕਰੇਗੀ ਜਿਸ ਦਾ ਨਤੀਜਾ ਅਦਾਲਤ ਦੀਆਂ ਹੋਰ ਸੇਵਾਵਾਂ ਵਿਚ ਕਟੌਤੀਆਂ ਵਿਚ ਨਹੀਂ ਨਿਕਲੇਗਾ; (2) ਕਾਨੂੰਨ ਵਿਚ ਢੁਕਵੀਂਆਂ ਤਬਦੀਲੀਆਂ ਦੀ ਤਜਵੀਜ਼ ਦੇਵੇਗੀ, ਜਿਸ ਵਿਚ ਕਾਨੂੰਨੀ ਸੋਧਾਂ ਅਤੇ ਅਦਾਲਤ ਦੇ ਨਿਯਮਾਂ ਵਿਚ ਤਬਦੀਲੀਆਂ ਦੋਨੋਂ ਸ਼ਾਮਲ ਹੋਣਗੀਆਂ; ਅਤੇ (3) ਬੋਲੀ ਤੱਕ ਪਹੁੰਚ ਦੀ ਪਲੈਨ ਨੂੰ ਲਾਗੂ ਕਰਨ ਲਈ, ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੀ ਨਿਗਰਾਨੀ ਕਰਨ ਲਈ, ਅਤੇ ਬੋਲੀ ਦੀਆਂ ਸੇਵਾਵਾਂ ਦੀ ਉੱਚੀ ਕੁਆਲਟੀ ਕਾਇਮ ਰੱਖਣ ਲਈ ਸਿਸਟਮ ਤਿਆਰ ਕਰੇਗੀ।

## ਪਾਲਸੀ ਅਤੇ ਖਰਚੇ

*ਕੈਲੇਫੋਰਨੀਆ ਦੀਆਂ ਅਦਾਲਤਾਂ ਵਿਚ ਬੋਲੀ ਤੱਕ ਪਹੁੰਚ ਲਈ ਜੁਗਤੀ ਪਲੈਨ*, ਕੈਲੇਫੋਰਨੀਆ ਦੇ ਸਾਰੇ 7 ਮਿਲੀਅਨ ਐੱਲ ਈ ਪੀ ਵਸਨੀਕਾਂ ਅਤੇ ਅਦਾਲਤ ਦੇ ਸੰਭਾਵੀ ਵਰਤੋਂਕਾਰਾਂ ਲਈ ਕੈਲੇਫੋਰਨੀਆਂ ਦੀਆਂ ਅਦਾਲਤਾਂ ਵਿਚ ਬੋਲੀ ਤੱਕ ਪਹੁੰਚ ਫੈਲਾਉਣ ਅਤੇ ਵਧਾਉਣ ਲਈ ਪੜਾਵਾਂ ਵਿਚ ਵਾਧੇ ਦੀ ਪਹੁੰਚ ਦੀ ਤਜਵੀਜ਼ ਦਿੰਦੀ ਹੈ। ਕੈਲੇਫੋਰਨੀਆ ਵਿਚ 1,800 ਬਹੁਤ ਜ਼ਿਆਦਾ ਟਰੇਂਡ ਸਰਟੀਫਾਈਡ ਅਤੇ ਰਜਿਸਟਰਸ਼ੁਦਾ ਕੋਰਟ ਦੋਭਾਸ਼ੀਏ (ਇੰਟਰਪਰੇਟਰ) ਹਨ, ਜੋ ਕਿ ਕਿਸੇ ਵੀ ਹੋਰ ਸਟੇਟ ਨਾਲੋਂ ਕਾਫੀ ਜ਼ਿਆਦਾ ਹਨ, ਜਿਹੜੇ ਹਰ ਸਾਲ 92 ਮਿਲੀਅਨ ਡਾਲਰ ਦੀ ਲਾਗਤ 'ਤੇ ਸਲਾਨਾ 215,000 ਇੰਟਰਪਰੇਟਰ ਸਰਵਿਸ ਦਿਨ ਪ੍ਰਦਾਨ ਕਰਦੇ ਹਨ।[4] ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦਾ ਵਾਧਾ ਸਿਰਜਣਾਤਮਕ ਹੱਲਾਂ ਅਤੇ ਅਦਾਲਤ ਲਈ ਹੋਰ ਫੰਡਾਂ ਦੀ ਮੰਗ ਕਰੇਗਾ। ਪਲੈਨਿੰਗ ਦੇ ਕਾਰਜ ਦੌਰਾਨ ਜਿਵੇਂ ਕਿ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੇ ਦੱਸਿਆ ਹੈ, ਅਜੇ ਬਹੁਤ ਜ਼ਿਆਦਾ ਕੰਮ ਕਰਨ ਵਾਲਾ ਪਿਆ ਹੈ, ਖਾਸ ਕਰਕੇ ਸਿਵਲ ਦੇ ਖੇਤਰ ਵਿਚ ਤਾਂ ਜੋ ਇਹ ਪੱਕਾ ਹੋਵੇ ਕਿ ਅਦਾਲਤ ਦੀ ਵਰਤੋਂ ਕਰਨ ਵਾਲੇ ਸਾਰੇ ਲੋਕਾਂ ਦੀ ਸਟੇਟ ਦੀਆਂ ਅਦਾਲਤਾਂ ਤੱਕ ਅਰਥਭਰਪੂਰ ਪਹੁੰਚ ਹੋਵੇ। ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੇ ਪਸਾਰ ਲਈ, ਅਦਾਲਤ ਦੇ ਹੋਰ ਮੁੱਖ ਕਾਰਜ ਘਟਾਏ ਬਗੈਰ, ਸਿਰਜਣਾਤਮਕ ਹੱਲਾਂ ਅਤੇ ਅਦਾਲਤ ਲਈ ਹੋਰ ਫੰਡਾਂ ਦੀ ਲੋੜ ਪਵੇਗੀ।

ਮੁੱਖ ਟੀਚਿਆਂ ਵਿੱਚੋਂ ਪਲੈਨ ਦਾ ਇਕ (ਟੀਚਾ 2) ਇਹ ਪੱਕਾ ਕਰਨਾ ਹੈ ਕਿ, "ਜਿੱਥੇ ਵਸੀਲੇ ਆਗਿਆ ਦਿੰਦੇ ਹੋਣ ਫੌਰਨ ਸ਼ੁਰੂ ਕਰਦੇ ਹੋਏ, ਸਾਲ 2017 ਤੱਕ ਕੈਲੇਫੋਰਨੀਆਂ ਦੀਆਂ ਅਦਾਲਤਾਂ ਵਿਚ, ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਯੋਗਤਾ-ਪ੍ਰਾਪਤ ਦੋਭਾਸ਼ੀਏ ਪ੍ਰਦਾਨ ਕੀਤੇ ਜਾਣਗੇ ਅਤੇ, ਸਾਲ 2020 ਤੱਕ, ਅਦਾਲਤ ਦੇ ਆਰਡਰ ਨਾਲ ਅਤੇ ਅਦਾਲਤ ਵਲੋਂ ਚਲਾਏ ਜਾਂਦੇ ਸਾਰੇ ਈਵੈਂਟਸ ਵਿਚ।" ਬਹੁਤ ਸਾਰੇ ਸਿਵਲ ਕੇਸ ਜਿਵੇਂ ਕਿ ਬੇਦਖਲੀਆਂ, ਗਾਰਡੀਅਨਸ਼ਿੱਪਾਂ, ਕਨਜ਼ਰਵੇਟਰਸ਼ਿਪਸ, ਅਤੇ ਬੱਚਿਆਂ ਦੀ ਕਸਟੱਡੀ ਅਤੇ ਮਾਪਿਆਂ ਦੇ ਹੱਕਾਂ ਦੇ ਖਾਤਮੇ (ਟਰਮੀਨੇਸ਼ਨ) ਨਾਲ ਸੰਬੰਧਿਤ ਪਰਿਵਾਰਕ ਮਾਮਲੇ ਕੈਲੇਫੋਰਨੀਅਨਾਂ ਦੀ ਜ਼ਿੰਦਗੀ ਲਈ ਮਹੱਤਵਪੂਰਨ ਹਨ। ਅਦਾਲਤ ਵਲੋਂ ਆਰਡਰ ਕੀਤੇ ਗਏ ਅਤੇ ਅਦਾਲਤ ਵਲੋਂ ਚਲਾਏ ਜਾਂਦੇ ਪ੍ਰੋਗਰਾਮ, ਸੇਵਾਵਾਂ ਅਤੇ ਈਵੈਂਟਸ ਜਿਵੇਂ ਕਿ ਨਿਪਟਾਰੇ ਲਈ (ਸੈਟਲਮੈਂਟ) ਕਾਨਫਰੰਸਾਂ ਜਾਂ ਲਾਜ਼ਮੀ ਸਾਲਸੀ (ਮੀਡੀਏਸ਼ਨ) ਮਤਭੇਦਾਂ ਦੇ ਵਾਜਬ ਹੱਲਾਂ ਲਈ ਵੀ ਜ਼ਰੂਰੀ ਹਨ। ਇਸ ਕਰਕੇ ਬੋਲੀ ਤੱਕ ਪਹੁੰਚ ਦੀ ਪਲੈਨ ਦਾ ਇਹ ਮਨੋਰਥ ਹੈ ਕਿ ਸਿਵਲ ਕੇਸਾਂ ਅਤੇ ਅਦਾਲਤ ਵਲੋਂ ਆਰਡਰ ਕੀਤੇ ਗਏ ਕੇਸਾਂ, ਅਦਾਲਤ ਵਲੋਂ ਚਲਾਏ ਜਾਂਦੇ ਈਵੈਂਟਸ ਵਿਚ ਦੋਭਾਸ਼ੀਏ ਦੀਆਂ ਸੇਵਾਵਾਂ ਫੌਰਨ ਲਿਆਂਦੀਆਂ ਜਾਣ ਅਤੇ ਬੋਲੀ ਤੱਕ ਪੂਰੀ ਪਹੁੰਚ ਨੂੰ ਲਾਗੂ ਕਰਨ ਦੇ ਕਾਰਜ ਦੌਰਾਨ ਜਾਰੀ ਰਹਿਣ।

## ਲਾਗੂ ਕਰਨ ਦੇ ਯਤਨ

ਆਪਣਾ ਕੰਮ ਪੂਰਾ ਕਰਨ ਤੋਂ ਬਾਅਦ, ਜੋਆਇੰਟ ਵਰਕਿੰਗ ਗਰੁੱਪ ਦੋ ਗਰੁੱਪ ਬਣਾਉਣ ਦੀ ਫੌਰੀ ਸਿਫਾਰਸ਼ ਕਰਦਾ ਹੈ ਜਿਹੜੇ ਜੂਡੀਸ਼ੀਅਲ ਕੌਂਸਲ ਦੀ ਐਗਜ਼ੈਕਟਿਵ ਐਂਡ ਪਲੈਨਿੰਗ ਕਮੇਟੀ ਨੂੰ ਰਿਪੋਰਟ ਦੇਣਗੇ: (1) ਇਕ ਬੋਲੀ ਤੱਕ ਪਹੁੰਚ ਨੂੰ ਲਾਗੂ ਕਰਨ ਵਾਲੀ ਟਾਸਕ ਫੋਰਸ ਜਿਹੜੀ ਸਾਰੀਆਂ 58 ਕਾਊਂਟੀਆਂ ਵਿਚ ਬੋਲੀ ਤੱਕ ਪਹੁੰਚ ਦੀ ਪਲੈਨ ਨੂੰ ਲਾਗੂ ਕਰਨ ਲਈ ਤਰੀਕੇ ਅਤੇ ਸਾਧਨ ਵਿਕਸਤ ਕਰੇਗੀ ਅਤੇ ਇਨ੍ਹਾਂ ਦੀ ਸਿਫਾਰਸ਼ ਕਰੇਗੀ, ਅਤੇ ਇਸ ਦੇ ਨਾਲ ਨਾਲ ਲਾਗੂ ਕਰਨ ਦੇ ਯਤਨਾਂ ਬਾਰੇ ਸੰਬੰਧਿਤ ਸਲਾਹਕਾਰੀ ਗਰੁੱਪਾਂ ਅਤੇ ਜੂਡੀਸ਼ੀਅਲ ਕੌਂਸਲ ਦੇ ਸਟਾਫ ਨਾਲ ਤਾਲਮੇਲ ਕਰੇਗੀ; ਅਤੇ (2) ਇਕ ਟ੍ਰਾਂਸਲੇਸ਼ਨ ਕਮੇਟੀ, ਜਿਹੜੀ ਜੂਡੀਸ਼ੀਅਲ ਕੌਂਸਲ ਦੇ ਫਾਰਮਾਂ, ਲਿਖਤੀ ਸਾਮੱਗਰੀ ਅਤੇ ਆਡੀਓਵਿਜ਼ੂਅਲ ਸਾਧਨਾਂ ਦੇ ਅਨੁਵਾਦ ਨਾਲ ਸੰਬੰਧਤ ਨਿਯਮਾਂ ਦੀ ਨਿਗਰਾਨੀ ਕਰੇਗੀ।

---

[4] ਸਾਲ 2013–2014 ਦੌਰਾਨ ਸਟੇਟ ਭਰ ਵਿਚ ਟਰਾਇਲ ਕੋਰਟ ਟਰੱਸਟ ਫੰਡ (ਟੀ ਸੀ ਟੀ ਐੱਫ) ਪ੍ਰੋਗਰਾਮ 45.45 (ਕੋਰਟ ਇੰਟਰਪਰੇਟਰ) ਅਧੀਨ ਵਾਪਸ ਦੇਣ ਯੋਗ ਅਦਾਲਤ ਦੇ ਦੋਭਾਸ਼ੀਆਂ ਦੇ ਕੁੱਲ ਖਰਚੇ 92,471,280 ਡਾਲਰ ਸਨ।

# ਸਿਫਾਰਸ਼ਾਂ ਨੂੰ ਲਾਗੂ ਕਰਨਾ

ਅਦਾਲਤਾਂ ਅਤੇ ਦਿਲਚਸਪੀ ਰੱਖਦੇ ਸਾਰੇ ਵਿਅਕਤੀਆਂ ਦੀ ਇਹ ਸਮਝਣ ਵਿਚ ਮਦਦ ਕਰਨ ਲਈ ਕਿ ਬੋਲੀ ਤੱਕ ਪਹੁੰਚ ਦੀ ਪਲੈਨ ਵਿਚਲੀਆਂ ਵੱਖ ਵੱਖ ਸਿਫਾਰਸ਼ਾਂ, ਅਗਲੇ ਪੰਜ ਸਾਲਾਂ (2015–2020) ਦੌਰਾਨ ਅਦਾਲਤਾਂ ਅਤੇ ਜੂਡੀਸ਼ੀਅਲ ਕੌਂਸਲ ਵਲੋਂ ਕਿਵੇਂ ਹੌਲੀ ਹੌਲੀ ਲਾਗੂ ਕੀਤੀਆਂ ਜਾ ਸਕਦੀਆਂ ਹਨ, ਅੰਤਿਕਾ ਏ (ਨਾਲ ਨੱਥੀ) ਵਿਚ ਪਲੈਨ ਦੀਆਂ ਸਾਰੀਆਂ ਸਿਫਾਰਸ਼ਾਂ ਨੂੰ ਤਿੰਨਾਂ ਵਿੱਚੋਂ ਇਕ ਸ਼੍ਰੇਣੀ ਵਿਚ ਰੱਖਿਆ ਗਿਆ ਹੈ:

- **ਪੜਾ 1:** ਇਹ ਸਿਫਾਰਸ਼ਾਂ ਬਹੁਤ ਲਾਜ਼ਮੀ ਹਨ ਜਾਂ ਇਹ ਪਹਿਲਾਂ ਹੀ ਲਾਗੂ ਹੋਣੀਆਂ ਚਾਹੀਦੀਆਂ ਹਨ। ਇਹ ਸਿਫਾਰਸ਼ਾਂ 1 ਸਾਲ ਵਿਚ ਲਾਗੂ ਹੋਣੀਆਂ ਸ਼ੁਰੂ ਹੋ ਜਾਣੀਆਂ ਚਾਹੀਦੀਆਂ ਹਨ (2015)
- **ਪੜਾ 2:** ਇਹ ਸਿਫਾਰਸ਼ਾਂ ਮਹੱਤਵਪੂਰਨ ਹਨ, ਪਰ ਘੱਟ ਲਾਜ਼ਮੀ ਹਨ ਜਾਂ ਇਨ੍ਹਾਂ ਲਈ ਪੜਾ 1 ਦੇ ਕੰਮ ਪੂਰੇ ਕਰਨ ਦੀ ਲੋੜ ਹੋ ਸਕਦੀ ਹੈ। ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਫੌਰਨ ਸ਼ੁਰੂ ਹੋ ਸਕਦਾ ਹੈ, ਜਿੱਥੇ ਅਜਿਹਾ ਹੋ ਸਕਦਾ ਹੋਵੇ, ਅਤੇ ਕਿਸੇ ਵੀ ਹਾਲਤ ਵਿਚ 2–3 ਸਾਲਾਂ (2016–2017) ਵਿਚ ਸ਼ੁਰੂ ਹੋਣਾ ਜ਼ਰੂਰੀ ਹੈ।
- **ਪੜਾ 3:** ਇਹ ਸਿਫਾਰਸ਼ਾਂ ਮਹੱਤਵਪੂਰਨ ਹਨ, ਪਰ ਲਾਜ਼ਮੀ ਨਹੀਂ ਹਨ ਜਾਂ ਗੁੰਝਲਦਾਰ ਹਨ ਅਤੇ ਇਨ੍ਹਾਂ ਨੂੰ ਸਾਲ 2020 ਤੱਕ ਪੂਰਾ ਕਰਨ ਲਈ ਮਹੱਤਵਪੂਰਨ ਬੁਨਿਆਦੀ ਕਦਮਾਂ, ਸਮੇਂ ਅਤੇ ਵਸੀਲਿਆਂ ਦੀ ਲੋੜ ਪਵੇਗੀ। ਇਨ੍ਹਾਂ ਸਿਫਾਰਸ਼ਾਂ ਨੂੰ ਫੌਰਨ ਲਾਗੂ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ, ਜਿੱਥੇ ਅਜਿਹਾ ਹੋ ਸਕਦਾ ਹੋਵੇ ਜਾਂ ਲੋੜੀਂਦੇ ਬੁਨਿਆਦੀ ਕਦਮ ਚੁੱਕੇ ਜਾਣ ਤੋਂ ਫੌਰਨ ਬਾਅਦ।

# ਅੰਤਿਕਾ ਏ: ਸ਼ਿਫਾਰਸ਼ਾਂ ਨੂੰ ਲਾਗੂ ਕਰਨਾ

## ਪੜਾ 1: ਇਹ ਸਿਫਾਰਸ਼ਾਂ ਬਹੁਤ ਲਾਜ਼ਮੀ ਹਨ ਜਾਂ ਇਹ ਪਹਿਲਾਂ ਹੀ ਲਾਗੂ ਹੋਣੀਆਂ ਚਾਹੀਦੀਆਂ ਹਨ। ਇਹ ਸਿਫਾਰਸ਼ਾਂ 1 ਸਾਲ ਵਿਚ ਲਾਗੂ ਹੋਣੀਆਂ ਸ਼ੁਰੂ ਹੋ ਜਾਣੀਆਂ ਚਾਹੀਦੀਆਂ ਹਨ (2015)

**ਨੰਬਰ 1 ਬੋਲੀ ਤੱਕ ਪਹੁੰਚ ਲਈ ਪਛਾਣ ਕਰਨ ਦੀ ਲੋੜ ਹੈ।** ਅਦਾਲਤਾਂ, ਅਦਾਲਤ ਦੀ ਵਰਤੋਂ ਕਰਨ ਵਾਲੇ ਹਰ ਐੱਲ ਈ ਪੀ, ਜਿਸ ਵਿੱਚ ਧਿਰਾਂ, ਗਵਾਹ ਜਾਂ ਮਹੱਤਵਪੂਰਨ ਪੱਧਰ 'ਤੇ ਦਿਲਚਸਪੀ ਰੱਖਣ ਵਾਲੇ ਹੋਰ ਵਿਅਕਤੀ ਸ਼ਾਮਲ ਹਨ, ਲਈ ਬੋਲੀ ਤੱਕ ਪਹੁੰਚ ਦੀਆਂ ਲੋੜਾਂ ਦੀ ਪਛਾਣ ਕਰਨਗੀਆਂ ਅਤੇ ਅਜਿਹਾ ਐੱਲ ਈ ਪੀ ਵਿਅਕਤੀ ਨਾਲ ਸੰਪਰਕ ਦੇ ਸੰਭਵ ਅਗੇਤੇ ਪੌਆਇੰਟ 'ਤੇ ਹੋਵੇਗਾ। ਬੋਲੀ ਦੀਆਂ ਲੋੜਾਂ, ਕੇਸ ਮੈਨੇਜਮੈਂਟ ਸਿਸਟਮ ਅਤੇ/ਜਾਂ ਕਿਸੇ ਹੋਰ ਕੇਸ ਰਿਕਾਰਡ ਜਾਂ ਫਾਇਲ ਵਿਚ ਸਪਸ਼ਟ ਤੌਰ 'ਤੇ ਅਤੇ ਇਕਸਾਰ ਦਰਜ ਕੀਤੀਆਂ ਜਾਣਗੀਆਂ, ਜਿਵੇਂ ਵੀ ਕਿਸੇ ਅਦਾਲਤ ਦੇ ਮੌਜੂਦਾ ਕੇਸ ਇਨਫਰਮੇਸ਼ਨ ਰਿਕਾਰਡ ਸਿਸਟਮ ਮੁਤਾਬਕ ਢੁਕਵਾਂ ਹੋਵੇਗਾ, ਅਤੇ ਇਸ ਸਮਰੱਥਾ ਨੂੰ ਸਿਸਟਮ ਵਿਚ ਭਵਿੱਖ ਵਿਚ ਹੋਣ ਵਾਲੇ ਅਪਗਰੇਡਾਂ ਜਾਂ ਸਿਸਟਮ ਬਣਾਉਣ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। (ਪੜਾ 1)

**ਨੰਬਰ 2 ਬੋਲੀ ਦੀਆਂ ਸੇਵਾਵਾਂ ਲਈ ਬੇਨਤੀ।** ਕਿਸੇ ਅਦਾਲਤ ਵਲੋਂ ਬੋਲੀ ਦੀਆਂ ਸੇਵਾਵਾਂ ਦੀ ਪ੍ਰਦਾਨਗੀ ਜਾਂ ਇਸ ਤੋਂ ਨਾਂਹ ਦੀ ਅਦਾਲਤ ਦੇ ਕੇਸ ਇਨਫਰਮੇਸ਼ਨ ਸਿਸਟਮ ਵਿਚ ਪੈੜ ਰੱਖੀ ਜਾਣੀ ਜ਼ਰੂਰੀ ਹੈ, ਜੋ ਕਿ ਅਦਾਲਤ ਦੀਆਂ ਸਮਰੱਥਾਵਾਂ ਮੁਤਾਬਕ ਢੁਕਵੀਂ ਹੋਣੀ ਚਾਹੀਦੀ ਹੈ। ਜਿੱਥੇ ਪ੍ਰਦਾਨਗੀ ਜਾਂ ਇਸ ਤੋਂ ਨਾਂਹ ਦੀ ਮੌਜੂਦਾ ਪੈੜ ਸੰਭਵ ਨਾ ਹੋਵੇ, ਉੱਥੇ ਜਿੰਨਾ ਛੇਤੀ ਸੰਭਵ ਹੋਵੇ ਢੁਕਵੇਂ ਅੰਕੜੇ ਇਕੱਠੇ ਕਰਨ ਲਈ, ਅਦਾਲਤਾਂ ਲਈ ਆਪਣੇ ਸਿਸਟਮਾਂ ਵਿਚ ਸੋਧ ਕਰਨ ਜਾਂ ਇਨ੍ਹਾਂ ਨੂੰ ਅਪਡੇਟ ਕਰਨ ਲਈ ਵਾਜਬ ਯਤਨ ਕਰਨਾ ਜ਼ਰੂਰੀ ਹੈ। (ਪੜਾ 1, 2)

**ਨੰਬਰ 3 ਜਸਟਿਸ ਪਾਰਟਨਰਜ਼ (ਨਿਆਂ ਵਿਚਲੇ ਭਾਈਵਾਲਾਂ) ਲਈ ਬੋਲੀ ਦੀਆਂ ਲੋੜਾਂ ਬਾਰੇ ਗੱਲਬਾਤ ਕਰਨ ਲਈ ਨਿਯਮ।** ਅਦਾਲਤਾਂ ਨੂੰ ਨਿਯਮ (ਪ੍ਰੋਟੋਕੋਲ) ਤਿਆਰ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਜਸਟਿਸ ਪਾਰਟਨਰਜ਼ (ਨਿਆਂ ਵਿਚਲੇ ਭਾਈਵਾਲ) ਅਦਾਲਤ ਨੂੰ ਇਹ ਇਸ਼ਾਰਾ ਕਰ ਸਕਣ ਕਿ ਕਿਸੇ ਵਿਅਕਤੀ ਨੂੰ ਅਦਾਲਤੀ ਸਿਸਟਮ ਨਾਲ ਸੰਪਰਕ ਦੇ ਸਭ ਤੋਂ ਅਗੇਤੇ ਪੌਆਇੰਟ 'ਤੇ ਦੋਭਾਸ਼ੀਏ ਦੀ ਲੋੜ ਹੈ। (ਪੜਾ 1)

**ਨੰਬਰ 4 ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਲਈ ਆਪ ਦੱਸਣ ਦਾ ਤਰੀਕਾ।** ਅਦਾਲਤਾਂ ਅਜਿਹੇ ਤਰੀਕੇ ਸਥਾਪਤ ਕਰਨਗੀਆਂ ਜਿਹੜੇ ਐੱਲ ਈ ਪੀ ਵਿਅਕਤੀਆਂ ਨੂੰ ਅਦਾਲਤੀ ਸਿਸਟਮ ਦੇ ਕਿਸੇ ਵੀ ਹਿੱਸੇ ਨਾਲ ਸੰਪਰਕ ਕਰਨ 'ਤੇ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੀ ਲੋੜ ਬਾਰੇ ਆਪ ਦੱਸਣ ਦਾ ਸੱਦਾ ਦੇਣਗੇ (ਉਦਾਹਰਣ ਲਈ, "ਆਈ ਸਪੀਕ" ਕਾਰਡਾਂ ਦੀ ਵਰਤੋਂ ਕਰਦੇ ਹੋਏ)। ਆਪ-ਦੱਸਣ ਦੀ ਅਣਹੋਂਦ ਦੇ ਕੇਸ ਵਿਚ, ਜੂਡੀਸ਼ੀਅਲ ਅਫਸਰਾਂ ਅਤੇ ਅਦਾਲਤ ਦੇ ਸਟਾਫ ਲਈ ਅਦਾਲਤ ਦੀ ਵਰਤੋਂ ਕਰਨ ਵਾਲੇ ਦੀਆਂ ਬੋਲੀ ਦੀਆਂ ਲੋੜਾਂ ਦਾ ਸਰਗਰਮੀ ਨਾਲ ਪਤਾ ਲਾਉਣਾ ਜ਼ਰੂਰੀ ਹੈ। (ਪੜਾ 1)

**ਨੰਬਰ 5 ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੀ ਉਪਲਬਧਤਾ ਬਾਰੇ ਅਦਾਲਤ ਦੀ ਵਰਤੋਂ ਕਰਨ ਵਾਲਿਆਂ ਲਈ ਜਾਣਕਾਰੀ।** ਅਦਾਲਤਾਂ, ਅਦਾਲਤ ਦੀ ਵਰਤੋਂ ਕਰਨ ਵਾਲਿਆਂ ਨੂੰ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੀ ਉਪਲਬਧਤਾ ਬਾਰੇ, ਅਦਾਲਤ ਦੇ ਵਰਤੋਂਕਾਰਾਂ ਅਤੇ ਅਦਾਲਤ ਵਿਚਕਾਰ ਸੰਪਰਕ ਦੇ ਅਗੇਤੇ ਪੌਆਇੰਟਾਂ 'ਤੇ ਜਾਣਕਾਰੀ ਦੇਣਗੀਆਂ। ਜਿੱਥੇ ਸਹੀ ਅਤੇ ਢੁਕਵਾਂ ਹੋਵੇ, ਨੋਟਿਸ ਵਿਚ ਇਹ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ ਕਿ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਮੁਫਤ ਹਨ। ਅਦਾਲਤਾਂ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਲਈ ਲੋੜ ਅਦਾਲਤੀ ਕਾਰਵਾਈ ਦੇ ਸ਼ੁਰੂ ਵਿਚ ਜਾਂ ਬਾਅਦ ਵਿਚ ਪੈ ਸਕਦੀ ਹੈ, ਇਸ ਕਰਕੇ ਬੋਲੀ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਕੇਸ ਦੇ ਸਾਰੇ ਸਮੇਂ ਦੌਰਾਨ ਉਪਲਬਧ ਹੋਣੀ ਜ਼ਰੂਰੀ ਹੈ। ਨੋਟਿਸ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ, ਕਮਿਉਨਟੀ-ਆਧਾਰਿਤ ਸੰਸਥਾਵਾਂ, ਅਤੇ ਐੱਲ ਈ ਪੀ ਆਬਾਦੀਆਂ ਨਾਲ ਕੰਮ ਕਰ ਰਹੀਆਂ ਹੋਰ ਸੰਸਥਾਂਵਾਂ ਸਮੇਤ ਜਸਟਿਸ ਵਿੱਚ ਹਿੱਸੇਦਾਰਾਂ ਦੇ ਸਹਿਯੋਗ ਨਾਲ ਮਿਲੀ ਜਾਣਕਾਰੀ ਦੇ ਆਧਾਰ 'ਤੇ ਸਥਾਨਕ ਕਮਿਉਨਟੀ ਦੀਆਂ ਲੋੜਾਂ ਦੀ ਅਸੈੱਸਮੈਂਟ ਮੁਤਾਬਕ ਅੰਗਰੇਜ਼ੀ ਵਿਚ ਅਤੇ ਪੰਜ ਤੱਕ ਹੋਰ

ਬੋਲੀਆਂ ਵਿਚ ਹੋਣੇ ਚਾਹੀਦੇ ਹਨ। ਸੂਚਨਾ ਲੋਕਾਂ, ਜਸਟਿਸ ਵਿਚ ਹਿੱਸੇਦਾਰਾਂ, ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ, ਕਮਿਊਨਟੀ-ਆਧਾਰਿਤ ਸੰਸਥਾਵਾਂ, ਅਤੇ ਐੱਲ ਈ ਪੀ ਆਬਾਦੀਆਂ ਨਾਲ ਕੰਮ ਕਰ ਰਹੀਆਂ ਹੋਰ ਸੰਸਥਾਵਾਂ ਨੂੰ ਦਿੱਤੀ ਜਾਣੀ ਜ਼ਰੂਰੀ ਹੈ। (ਪੜਾ 1)

**ਨੰਬਰ 6 ਬੋਲੀ ਦੀਆਂ ਸੇਵਾਵਾਂ ਦੇ ਵਾਧੇ ਕਾਰਨ ਖਰਚੇ ਦੀ ਰਿਪੋਰਟਿੰਗ।** ਜੂਡੀਸ਼ੀਅਲ ਕੌਂਸਲ ਅਤੇ ਅਦਾਲਤਾਂ ਦੋਭਾਸ਼ੀਆ ਸੇਵਾਵਾਂ ਬਾਰੇ ਡੈਟਾ ਇਕੱਠਾ ਕਰਨ ਨੂੰ ਵਧਾਉਣਾ ਅਤੇ ਸੁਧਾਰਨਾ ਜਾਰੀ ਰੱਖਣਗੀਆਂ, ਅਤੇ ਬੋਲੀ ਤੱਕ ਪਹੁੰਚ ਦੀਆਂ ਹੋਰ ਸੇਵਾਵਾਂ ਅਤੇ ਸਾਧਨਾਂ ’ਤੇ ਖਰਚੀਆਂ ਗਈਆਂ ਰਕਮਾਂ, ਜਿਵੇਂ ਕਿ ਅਨੁਵਾਦ, ਦੋਭਾਸ਼ੀਏ ਜਾਂ ਬੋਲੀ ਦੀਆਂ ਸੇਵਾਵਾਂ ਵਿਚਕਾਰ ਤਾਲਮੇਲ, ਸਟਾਫ ਲਈ ਇਕ ਨਾਲੋਂ ਜ਼ਿਆਦਾਂ ਬੋਲੀਆਂ ਕਾਰਨ ਤਨਖਾਹ ਵਿਚ ਫਰਕ ਅਤੇ ਬਹੁਭਾਸ਼ਾਈ ਸਾਈਨ ਜਾਂ ਟੈਕਨੋਲੋਜੀਆਂ, ਨੂੰ ਸ਼ਾਮਲ ਕਰਨ ਲਈ ਬੋਲੀ ਦੀਆਂ ਸੇਵਾਵਾਂ ਦੇ ਖਰਚੇ ਦੀ ਰਿਪੋਰਟਿੰਗ ਨੂੰ ਵਧਾਉਣਗੀਆਂ। ਇਹ ਜਾਣਕਾਰੀ, ਸਿਵਲ ਕੇਸਾਂ ਵਿਚ ਬੋਲੀ ਦੀਆਂ ਸੇਵਾਵਾਂ ਨੂੰ ਵਧਾਉਣ ਲਈ ਫੰਡਾਂ ਦੀ ਬੇਨਤੀ ਦੇ ਹੱਕ ਵਿਚ ਬਹੁਤ ਜ਼ਰੂਰੀ ਹੈ। (ਪੜਾ 1)

**ਨੰਬਰ 8 ਸਾਰੇ ਸਿਵਲ ਕੇਸਾਂ ਲਈ ਅਦਾਲਤੀ ਦੋਭਾਸ਼ੀਏ ਦੇਣਾ।** ਕੈਲੇਫੋਰਨੀਆ ਦੀਆਂ ਅਦਾਲਤਾਂ ਵਿਚ, ਅਦਾਲਤ ਦੀਆਂ ਸਾਰੀਆਂ ਕਾਰਵਾਈਆਂ ਵਿਚ ਅਦਾਲਤ ਦੀ ਵਰਤੋਂ ਕਰਨ ਵਾਲੇ ਸਾਰੇ ਐੱਲ ਈ ਪੀ ਲਈ ਯੋਗਤਾ ਪ੍ਰਾਪਤ ਦੋਭਾਸ਼ੀਏ ਪ੍ਰਦਾਨ ਕਰਨਾ ਜ਼ਰੂਰੀ ਹੈ, ਜਿਸ ਵਿਚ ਐਵੀਡੈਂਸ ਕੋਡ ਸੈਕਸ਼ਨ 756 (ਅੰਤਿਕਾ ਐੱਚ ਦੇਖੋ) ਵਿਚ ਤਰਜੀਹੀ ਸਿਵਲ ਕਾਰਵਾਈਆਂ ਅਤੇ ਫੈਮਿਲੀ ਕੋਰਟ ਸਰਵਿਸਿਜ਼ ਮੀਡੀਏਸ਼ਨ ਵੀ ਸ਼ਾਮਲ ਹੈ। (ਪੜਾ 1 ਅਤੇ 2)

**ਨੰਬਰ 9 ਆਰਜ਼ੀ ਯੋਗਤਾ ਦੀਆਂ ਸ਼ਰਤਾਂ।** ਕੈਲੇਫੋਰਨੀਆ ਰੂਲਜ਼ ਔਫ ਕੋਰਟ ਦੀ ਸੋਧ ਲਈ ਵਿਚਾਰ ਅਧੀਨ ਰੂਲ 2.893 ਅਨੁਸਾਰ ਜਦੋਂ ਚੰਗਾ ਕਾਰਨ ਮੌਜੂਦ ਹੋਵੇ, ਉਦੋਂ ਸਿਵਲ ਜਾਂ ਕ੍ਰਿਮੀਨਲ, ਕਿਸੇ ਵੀ ਕੇਸ ਵਿਚ ਅਦਾਲਤ ਦੀ ਕਾਰਵਾਈ ਵਿਚ ਕੋਈ ਗੈਰ-ਸਰਟੀਫਾਈਡ ਜਾਂ ਗੈਰ ਰਜਿਸਟਰਡ ਦੋਭਾਸ਼ੀਆ ਤਾਂ ਹੀ ਨਿਯੁਕਤ ਕੀਤਾ ਜਾ ਸਕਦਾ ਹੈ ਜੇ ਉਸ ਬਾਰੇ ਫੈਸਲਾ ਕੀਤਾ ਜਾਵੇ ਕਿ ਉਹ ਆਰਜ਼ੀ ਯੋਗਤਾ ਦੇ ਤਰੀਕਿਆਂ ਅਨੁਸਾਰ ਯੋਗ ਹੈ। ਇਸ ਸਮੇਂ ਇਹ ਤਰੀਕੇ 2.893 ਵਿਚ ਕ੍ਰਿਮੀਨਲ ਅਤੇ ਨੌਜਵਾਨਾਂ ਦੇ ਅਪਰਾਧਾਂ ਦੇ ਕੇਸਾਂ ਲਈ ਤਹਿ ਹਨ (ਅਤੇ, ਸਿਵਲ ਕੇਸਾਂ ਲਈ ਉਦੋਂ ਮਿੱਥੇ ਜਾਣਗੇ ਜਦੋਂ ਅਦਾਲਤ ਦੇ ਮੌਜੂਦਾ ਨਿਯਮ ਵਿਚ ਸੋਧ ਕੀਤੀ ਜਾਵੇਗੀ)। (ਆਰਜ਼ੀ ਯੋਗਤਾ ਦੇ ਤਰੀਕਿਆਂ ਦੇ ਸਬੰਧ ਵਿਚ ਜੂਡੀਸ਼ੀਅਲ ਅਫਸਰਾਂ ਅਤੇ ਅਦਾਲਤ ਦੇ ਸਟਾਫ ਲਈ ਟਰੇਨਿੰਗ ਬਾਰੇ ਸ਼ਿਫਾਰਸ਼ 50 ਦੇਖੋ, ਅਤੇ ਸਿਵਲ ਕੇਸਾਂ ਨੂੰ ਸ਼ਾਮਲ ਕਰਨ ਲਈ ਰੂਲ 2.893 ਵਿਚ ਸੋਧ ਕਰਨ ਬਾਰੇ ਸਿਫਾਰਸ਼ 70 ਦੇਖੋ।) (ਪੜਾ 1 ਅਤੇ 2)

**ਨੰਬਰ 10 ਅਦਾਲਤ ਵਲੋਂ ਆਰਡਰ ਕੀਤੀਆਂ ਜਾਣ ਵਾਲੀਆਂ/ਅਦਾਲਤ ਵਲੋਂ ਚਲਾਈਆਂ ਜਾਣ ਵਾਲੀਆਂ ਸਾਰੀਆਂ ਕਾਰਵਾਈਆਂ ਲਈ ਯੋਗਤਾ-ਪ੍ਰਾਪਤ ਦੋਭਾਸ਼ੀਆਂ ਦੀ ਪ੍ਰਦਾਨਗੀ।** ਫੌਰਨ ਸ਼ੁਰੂ ਕਰਦੇ ਹੋਏ, ਜਿਵੇਂ ਵਸੀਲੇ ਉਪਲਬਧ ਹੋਣ, ਪਰ ਕਿਸੇ ਵੀ ਕੇਸ ਵਿਚ 2020 ਤੋਂ ਪਹਿਲਾਂ ਪਹਿਲਾਂ ਅਦਾਲਤਾਂ, ਸਾਰੇ ਐੱਲ ਈ ਪੀ ਮਕੱਦਮੇਬਾਜ਼ਾਂ, ਗਵਾਹਾਂ ਅਤੇ ਕੇਸ ਵਿਚ ਮਹੱਤਵਪੂਰਨ ਦਿਲਚਸਪੀ ਰੱਖਦੇ ਵਿਅਕਤੀਆਂ ਲਈ, ਅਦਾਲਤ ਵਲੋਂ ਆਰਡਰ ਕੀਤੀਆਂ ਜਾਣ ਵਾਲੀਆਂ/ਅਦਾਲਤ ਵਲੋਂ ਚਲਾਈਆਂ ਜਾਣ ਵਾਲੀਆਂ ਸਾਰੀਆਂ ਕਾਰਵਾਈਆਂ, ਸੇਵਾਵਾਂ ਅਤੇ ਈਵੈਂਟਸ ਲਈ ਯੋਗਤਾ-ਪ੍ਰਾਪਤ ਦੋਭਾਸ਼ੀਏ ਪ੍ਰਦਾਨ ਕਰਨਗੀਆਂ। (ਪੜਾ 1, 2 ਅਤੇ 3)

**ਨੰਬਰ 12 ਨਿੱਜੀ ਰੂਪ ਵਿਚ ਹਾਜ਼ਰ ਹੋਣ ਵਾਲੇ ਦੋਭਾਸ਼ੀਆਂ ਲਈ ਤਰਜੀਹ।** ਨਿੱਜੀ ਰੂਪ ਵਿਚ ਹਾਜ਼ਰ ਹੋਣ ਵਾਲੇ, ਸਰਟੀਫਾਈਡ ਅਤੇ ਰਜਿਸਟਰਡ ਕੋਰਟ ਦੋਭਾਸ਼ੀਆਂ ਦੀ ਵਰਤੋਂ ਨੂੰ ਅਦਾਲਤ ਦੀਆਂ ਕਾਰਵਾਈਆਂ ਲਈ ਤਰਜੀਹ ਦਿੱਤੀ ਜਾਂਦੀ ਹੈ, ਪਰ ਅਦਾਲਤਾਂ ਦੂਰੋਂ ਦੋਭਾਸ਼ੀਏ ਦੀਆਂ ਸੇਵਾਵਾਂ ਦੀ ਵਰਤੋਂ ’ਤੇ ਵਿਚਾਰ ਕਰ ਸਕਦੀਆਂ ਹਨ, ਜਿੱਥੇ ਇਹ ਕਿਸੇ ਖਾਸ ਮੌਕੇ ਲਈ ਢੁਕਵਾਂ ਹੋਵੇ। ਦੂਰੋਂ ਦੋਭਾਸ਼ੀਏ ਦੀ ਵਰਤੋਂ ਸਿਰਫ ਤਾਂ ਹੀ ਕੀਤੀ ਜਾ ਸਕੇਗੀ ਜੇ ਇਹ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਕਾਰਵਾਈ ਵਿਚ ਪੂਰੀ ਤਰ੍ਹਾਂ ਅਤੇ ਅਰਥਭਰਪੂਰ ਤਰੀਕੇ ਨਾਲ ਹਿੱਸਾ ਲੈਣ ਦਿੰਦੀ ਹੋਵੇ। (ਪੜਾ 1)

**ਨੰਬਰ 13 ਅਦਾਲਤ ਵਿਚ ਦੂਰੋਂ ਦੋਭਾਸ਼ੀਏ ਦੀ ਵਰਤੋਂ।** ਅਦਾਲਤ ਵਿਚ ਦੂਰੋਂ ਦੋਭਾਸ਼ੀਏ ਦੀ ਵਰਤੋਂ ਕਰਨ ਵੇਲੇ, ਅਦਾਲਤ ਦਾ ਇਕ ਸੰਭਵ ਹੱਦ ਤੱਕ ਸੰਤੁਸ਼ਟ ਹੋਣਾ ਜ਼ਰੂਰੀ ਹੈ ਕਿ ਦੂਰੋਂ ਦੋਭਾਸ਼ੀਏ ਦੀ ਵਰਤੋਂ ਲਈ ਅੰਤਿਕਾ ਬੀ ਵਿਚ ਤਹਿ ਕੀਤੀਆਂ ਗਈਆਂ ਸ਼ਰਤਾਂ, ਵਿਚਾਰਾਂ ਅਤੇ ਗਾਈਡਲਾਈਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। (ਪੜਾ 1)

**ਨੰਬਰ 14 ਦੂਰੋਂ ਦੋਭਾਸ਼ੀਏ ਦੀਆਂ ਸੇਵਾਵਾਂ ਲਈ ਟੈਕਨੋਲੋਜੀ ਦੀਆਂ ਘੱਟੋ ਘੱਟ ਸ਼ਰਤਾਂ।** ਇਮਪਲੀਮਿਨਟੇਸ਼ਨ ਟਾਸਕ ਫੋਰਸ ਦੂਰੋਂ ਦੋਭਾਸ਼ੀਏ ਲਈ ਟੈਕਨੋਲੋਜੀ ਦੀਆਂ ਘੱਟੋ ਘੱਟ ਸ਼ਰਤਾਂ ਤਹਿ ਕਰੇਗੀ ਜਿਨ੍ਹਾਂ ਨੂੰ ਲਗਾਤਾਰ ਅਪਡੇਟ ਕੀਤਾ ਜਾਵੇਗਾ ਅਤੇ ਜਿਸ ਵਿਚ ਦੋਭਾਸ਼ੀਏ ਦੀਆਂ ਦੋਨੋਂ ਸਾਇਮੁਲਟੇਨੀਅਸ (ਨਾਲ ਨਾਲ) ਅਤੇ ਕਨਜ਼ੈਕਟਿਵ (ਸਿਲਸਿਲੇਵਾਰ) ਤਰ੍ਹਾਂ ਦੀਆਂ ਸੇਵਾਵਾਂ ਲਈ ਘੱਟੋ ਘੱਟ ਸ਼ਰਤਾਂ ਸ਼ਾਮਲ ਹੋਣਗੀਆਂ। (ਪੜਾ 1)

**ਨੰਬਰ 15 ਦੂਰੋਂ ਦੋਭਾਸ਼ੀਏ ਲਈ ਵੀਡੀਓ ਦੀ ਵਰਤੋਂ।** ਦੂਰੋਂ ਦੋਭਾਸ਼ੀਏ ਦੀ ਵਰਤੋਂ ਕਰਨ ਵਾਲੀਆਂ ਅਦਾਲਤਾਂ ਨੂੰ ਅਦਾਲਤ ਵਿਚ ਉਲੱਥੇ ਲਈ ਵੀਡੀਓ ਪ੍ਰਦਾਨ ਕਰਨ ਦੇ ਯਤਨ ਕਰਨੇ ਚਾਹੀਦੇ ਹਨ, ਜਿਹੜੀ ਆਵਾਜ਼ ਉੱਚੀ ਕਰਨ ਵਾਲੇ ਸਾਜ਼-ਸਾਮਾਨ ਦੇ ਨਾਲ ਨਾਲ ਵਰਤੀ ਜਾਵੇ, ਨਾ ਕਿ ਟੈਲੀਫੋਨ ’ਤੇ ਉਲੱਥੇ ’ਤੇ ਨਿਰਭਰ ਕੀਤਾ ਜਾਵੇ। (ਪੜਾ 1)

**ਨੰਬਰ 16 ਵੀਡੀਓ ਰਾਹੀਂ ਦੂਰੋਂ ਦੋਭਾਸ਼ੀਏ ਲਈ ਪਾਈਲਟ ਪ੍ਰੋਜੈਕਟ।** ਜੂਡੀਸ਼ੀਅਲ ਕੌਂਸਲ ਨੂੰ, ਜੂਡੀਸ਼ੀਅਲ ਬਰਾਂਚ ਦੀ ਟੈਕਟੀਕਲ ਪਲੈਨ ਫਾਰ ਟੈਕਨੋਲੋਜੀ 2014-2016 ਦੀ ਸੇਧ ਮੁਤਾਬਕ ਇਕ ਪਾਈਲਟ ਪ੍ਰੋਜੈਕਟ ਕਰਨਾ ਚਾਹੀਦਾ ਹੈ। ਇਸ ਪਾਈਲਟ ਵਿਚ, ਵੱਧ ਤੋਂ ਵੱਧ ਸੰਭਵ ਹੱਦ ਤੱਕ ਇਨ੍ਹਾਂ ਬਾਰੇ ਢੁਕਵੇਂ ਅੰਕੜੇ ਇਕੱਠੇ ਕੀਤੇ ਜਾਣੇ ਚਾਹੀਦੇ ਹਨ: ਸਥਾਪਤ ਨਿਯਮਾਂ ਅਤੇ ਅਸੂਲਾਂ ਅਨੁਸਾਰ ਉਚਿੱਤ ਕਾਰਵਾਈ ਕਰਨ (ਡਿਊ ਪ੍ਰੋਸੈੱਸ) ਨਾਲ ਸੰਬੰਧਤ ਮਸਲਿਆਂ, ਹਿੱਸਾ ਲੈਣ ਵਾਲੇ ਦੀ ਸੰਤੁਸ਼ਟੀ, ਕੀ ਦੂਰੋਂ ਦੋਭਾਸ਼ੀਏ ਦੀ ਵਰਤੋਂ ਆਰਜ਼ੀ ਯੋਗਤਾ ਵਾਲੇ ਦੋਭਾਸ਼ੀਆਂ ਦੇ ਮੁਕਾਬਲੇ ਵਿਚ ਸਰਟੀਫਾਈਡ ਅਤੇ ਰਜਿਸਿਟਰਡ ਦੋਭਾਸ਼ੀਆ ਦੀ ਵਰਤੋਂ ਵਿਚ ਵਾਧਾ ਕਰਦੀ ਹੈ ਜਾਂ ਨਹੀਂ, ਵੱਖ ਵੱਖ ਉਪਲਬਧ ਟੈਕਨੋਲੋਜੀਆਂ ਦੀ ਅਸਰਦਾਇਕਤਾ {ਕਨਜ਼ੈਕਟਿਵ (ਸਿਲਸਿਲੇਵਾਰ) ਅਤੇ ਸਾਇਮੁਲਟੇਨੀਅਸ (ਨਾਲ ਨਾਲ) ਦੋਨਾਂ ਕਿਸਮਾਂ ਦੇ ਉਲੱਥੇ ਲਈ}, ਅਤੇ ਖਰਚੇ-ਲਾਭ ਦੇ ਵਿਸ਼ਲੇਸ਼ਣ ਬਾਰੇ। ਜੂਡੀਸ਼ੀਅਲ ਕੌਂਸਲ ਨੂੰ ਇਹ ਗੱਲ ਸਪਸ਼ਟ ਕਰਨੀ ਚਾਹੀਦੀ ਹੈ ਕਿ ਇਹ ਪਾਈਲਟ ਪ੍ਰੋਜੈਕਟ, ਕਿਸੇ ਵੀ ਅਦਾਲਤ ਨੂੰ ਦੂਰੋਂ ਦੋਭਾਸ਼ੀਏ ਦੀਆਂ ਸੇਵਾਵਾਂ ਲੈਣ ਤੋਂ ਰੋਕੇਗਾ ਨਹੀਂ, ਜਿੰਨਾ ਚਿਰ ਤੱਕ ਇਹ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਕਾਰਵਾਈਆਂ ਵਿਚ ਪੂਰੀ ਤਰ੍ਹਾਂ ਅਤੇ ਅਰਥਭਰਪੂਰ ਤਰੀਕੇ ਨਾਲ ਹਿੱਸਾ ਲੈਣ ਦਿੰਦਾ ਹੋਵੇ। (ਪੜਾ 1)

**ਨੰਬਰ 18 ਕਈ ਬੋਲੀਆਂ ਵਿਚ ਇਕਸਾਰ ਵੀਡੀਓ ਤਿਆਰ ਕਰਨਾ।** ਜੂਡੀਸ਼ੀਅਲ ਕੌਂਸਲ ਨੂੰ ਜ਼ਿਆਦਾ ਕੇਸਾਂ ਵਾਲੀਆਂ ਕਿਸਮਾਂ ਲਈ ਕਈ ਬੋਲੀਆਂ ਵਿਚ ਇਕਸਾਰ ਵੀਡੀਓ ਤਿਆਰ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਜਿਹੜੀਆਂ ਆਮ ਨਾ ਕਿ ਸਥਾਨਕ, ਕਾਨੂੰਨੀ ਜਾਣਕਾਰੀ ਦਿੰਦੀਆਂ ਹੋਣ ਅਤੇ ਇਹ ਅਦਾਲਤਾਂ ਨੂੰ ਸਟੇਟ ਦੀਆਂ ਉਪਰਲੀਆਂ ਅੱਠ ਬੋਲੀਆਂ ਵਿਚ ਦਿੱਤੀਆਂ ਜਾਂਦੀਆਂ ਹੋਣ ਅਤੇ ਹੋਰ ਬੋਲੀਆਂ ਵਿਚ ਕੈਪਸ਼ਨ (ਸਿਰਲੇਖ) ਦਿੱਤੇ ਗਏ ਹੋਣ। (ਪੜਾ 1)

**ਨੰਬਰ 19 ਦੋਭਾਸ਼ੀਆਂ ਦੇ ਪ੍ਰਮਾਣ ਪੱਤਰਾਂ ਦੀ ਤਸਦੀਕ ਕਰਨਾ।** ਜਨਵਰੀ 2015 ਤੋਂ ਲਾਗੂ ਹੋ ਕੇ, ਗਵਰਨਮੈਂਟ ਕੋਡ ਸੈਕਸ਼ਨ 68561 (ਜੀ) ਅਤੇ (ਐੱਫ) ਦੇ ਮੁਤਾਬਕ, ਜੂਡੀਸ਼ੀਅਲ ਅਫਸਰਾਂ ਲਈ, ਅਦਾਲਤ ਦੇ ਪ੍ਰਬੰਧਕੀ ਅਮਲੇ ਨਾਲ ਰਲ ਕੇ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਨਿਯੁਕਤ ਕੀਤੇ ਜਾ ਰਹੇ ਦੋਭਾਸ਼ੀਏ ਯੋਗਤਾ-ਪ੍ਰਾਪਤ ਹੋਣ, ਰਿਕਾਰਡ ਵਿਚਲੇ ਆਪਣੇ ਪ੍ਰਮਾਣ ਪੱਤਰਾਂ ਦੀ ਸਹੀ ਤਰ੍ਹਾਂ ਨੁਮਾਇੰਦਗੀ ਕਰ ਰਹੇ ਹੋਣ, ਅਤੇ ਉਨ੍ਹਾਂ ਨੇ ਅਦਾਲਤ ਕੋਲ ਆਪਣੀ ਦੋਭਾਸ਼ੀਏ ਦੀ ਸਹੁੰ ਦਰਜ ਕਰਵਾਈ ਹੋਈ ਹੋਵੇ। (ਸਿਫਾਰਸ਼ 50 ਦੇਖੋ, ਜਿਹੜੀ ਇਨ੍ਹਾਂ ਵਿਸ਼ਿਆਂ ’ਤੇ ਜੂਡੀਸ਼ੀਅਲ ਅਫਸਰਾਂ ਅਤੇ ਅਦਾਲਤ ਦੇ ਸਟਾਫ ਦੀ ਟਰੇਨਿੰਗ ਬਾਰੇ ਗੱਲ ਕਰਦੀ ਹੈ।) (ਪੜਾ 1)

**ਨੰਬਰ 22 ਹਿੱਤਾਂ ਦੇ ਟਕਰਾਅ ਤੋਂ ਪਰਹੇਜ਼ ਕਰਨਾ।** ਹੰਗਾਮੀ ਹਾਲਤਾਂ ਦੀ ਗੈਰਹਾਜ਼ਰੀ ਵਿਚ, ਜਦੋਂ ਗੈਰ-ਸਰਟੀਫਾਈਡ, ਗੈਰ-ਰਜਿਸਟਰ ਦੋਭਾਸ਼ੀਆ ਨਿਯੁਕਤ ਕਰਨਾ ਹੋਵੇ ਤਾਂ ਅਦਾਲਤਾਂ ਲਈ ਇਹ ਜ਼ਰੂਰੀ ਹੈ ਕਿ ਉਹ ਅਜਿਹੇ ਵਿਅਕਤੀਆਂ ਨੂੰ ਦੋਭਾਸ਼ੀਏ ਨਿਯੁਕਤ ਨਾ ਕਰਨ ਜਿਨ੍ਹਾਂ ਦੇ ਹਿੱਤਾਂ ਦੇ ਟਕਰਾਅ ਹੋਣ ਜਾਂ ਜਿਹੜੇ ਮਾਮਲੇ ਦੇ ਸਬੰਧ ਵਿਚ ਪੱਖਪਾਤੀ ਹੋਣ। (ਪੜਾ 1)

**ਨੰਬਰ 23 ਦੋਭਾਸ਼ੀਆ ਬਣਨ ਲਈ ਨਾਬਾਲਗਾਂ ਨੂੰ ਨਿਯੁਕਤ ਕਰਨਾ।** ਅਦਾਲਤ ਦੀਆਂ ਕਾਰਵਾਈਆਂ ਵਿਚ ਅਤੇ ਅਦਾਲਤ ਵਲੋਂ ਆਰਡਰ ਕੀਤੀਆਂ ਗਈਆਂ ਅਤੇ ਅਦਾਲਤ ਵਲੋਂ ਚਲਾਈਆਂ ਜਾਣ ਵਾਲੀਆਂ ਸਰਗਰਮੀਆਂ ਵਿਚ ਨਾਬਾਲਗਾਂ ਨੂੰ ਦੋਭਾਸ਼ੀਏ ਨਿਯੁਕਤ ਨਹੀਂ ਕੀਤਾ ਜਾਵੇਗਾ। (ਪੜਾ 1)

**ਨੰਬਰ 25 ਲੈਂਗੂਏਜ ਐਕਸੈੱਸ ਆਫਿਸ ਜਾਂ ਪ੍ਰਤੀਨਿਧ ਦੀ ਨਿਯੁਕਤੀ।** ਹਰ ਕਾਊਂਟੀ ਵਿਚ ਅਦਾਲਤ ਇਕ ਦਫਤਰ ਜਾਂ ਵਿਅਕਤੀ ਨਿਯੁਕਤ ਕਰੇਗੀ ਜਿਹੜਾ ਅਦਾਲਤ ਦੇ ਸਾਰੇ ਵਰਤੋਂਕਾਰਾਂ ਲਈ ਅਤੇ ਇਸ ਦੇ ਨਾਲ ਨਾਲ ਅਦਾਲਤ ਦੇ ਸਟਾਫ ਅਤੇ ਜੁਡੀਸ਼ੀਅਲ ਅਫਸਰਾਂ ਲਈ ਬੋਲੀ ਤੱਕ ਪਹੁੰਚ ਦੇ ਸ੍ਰੋਤ ਵਜੋਂ ਕੰਮ ਕਰੇਗਾ। ਇਹ ਵਿਅਕਤੀ ਇਹ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜਾਂ ਹੋਣੇ ਚਾਹੀਦੇ ਹਨ: ਉਨ੍ਹਾਂ ਸਾਰੀਆਂ ਸੇਵਾਵਾਂ ਬਾਰੇ ਦੱਸਣ ਦੇ ਜਿਹੜੀਆਂ ਅਦਾਲਤ ਪ੍ਰਦਾਨ ਕਰਦੀ ਹੈ ਅਤੇ ਕਿਹੜੀਆਂ ਸੇਵਾਵਾਂ ਇਹ ਪ੍ਰਦਾਨ ਨਹੀਂ ਕਰਦੀ, ਮੰਗ ਮੁਤਾਬਕ ਅਦਾਲਤ ਦੀ ਸਾਰੀ ਬਹੁਭਾਸ਼ਾਈ ਲਿਖਤੀ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਵੰਡਣ ਦੇ, ਅਤੇ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਅਤੇ ਅਦਾਲਤ ਦੇ ਸਟਾਫ ਦੀ ਬੋਲੀ ਤੱਕ ਪਹੁੰਚ ਦੇ ਸ੍ਰੋਤ ਲੱਭਣ ਵਿਚ ਮਦਦ ਕਰਨ ਦੇ। (ਪੜਾ 1)

**ਨੰਬਰ 26 ਸੰਪਰਕ ਦੇ ਮਹੱਤਵਪੂਰਨ ਪੋਆਇੰਟਾਂ ਦੀ ਪਛਾਣ ਕਰਨਾ।** ਅਦਾਲਤਾਂ ਨੂੰ ਇਹ ਪਛਾਣ ਕਰਨੀ ਚਾਹੀਦੀ ਹੈ ਕਿ ਸੰਪਰਕ ਦੇ ਕਿਹੜੇ ਪੋਆਇੰਟ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ, ਅਤੇ ਜਦੋਂ ਵੀ ਸੰਭਵ ਹੋਵੇ, ਇਨ੍ਹਾਂ ਸਥਾਨਾਂ ’ਤੇ ਯੋਗਤਾ-ਪ੍ਰਾਪਤ ਬਹੁਭਾਸ਼ਾਈ ਸਟਾਫ ਨਿਯੁਕਤ ਕਰਨਾ ਚਾਹੀਦਾ ਹੈ। (ਸਿਫਾਰਸ਼ 47 ਦੇਖੋ, ਜਿਹੜੀ ਇਨ੍ਹਾਂ ਸਥਾਨਾਂ ’ਤੇ ਬਹੁਭਾਸ਼ਾਈ ਸਟਾਫ ਦੀ ਯੋਗਤਾ ਦੇ ਢੁਕਵੇਂ ਪੱਧਰ ਲਈ ਸੰਭਵ ਮਿਆਰਾਂ ਬਾਰੇ ਗੱਲ ਕਰਦੀ ਹੈ।) (ਪੜਾ 1)

**ਨੰਬਰ 28 ਬਹੁਭਾਸ਼ਾਈ ਸਟਾਫ ਦੀ ਭਰਤੀ।** ਅਦਾਲਤਾਂ ਨੂੰ ਅਜਿਹਾ ਬਹੁਭਾਸ਼ਾਈ ਸਟਾਫ ਭਰਤੀ ਕਰਨ ਦੀ ਵਾਹ ਲਾਉਣੀ ਚਾਹੀਦੀ ਹੈ ਜਿਹੜਾ ਉਸ ਕਾਊਂਟੀ ਵਿਚ ਸਭ ਤੋਂ ਜ਼ਿਆਦਾ ਬੋਲੀਆਂ ਜਾਂਦੀਆਂ ਬੋਲੀਆਂ ਵਿਚ ਨਿਪੁੰਨ ਹੋਵੇ। ਬਹੁਭਾਸ਼ਾਈ ਅਰਜ਼ੀਕਰਤਾਵਾਂ ਦਾ ਪੂਲ ਵਧਾਉਣ ਲਈ, ਅਦਾਲਤਾਂ ਨੂੰ ਕਮਿਊਨਟੀ ਵਿਚਲੀਆਂ ਵਿਦਿਅਕ ਸੰਸਥਾਵਾਂ ਤੱਕ ਪਹੁੰਚ ਕਰਨੀ ਚਾਹੀਦੀ ਹੈ ਜਿਵੇਂ ਕਿ ਸਥਾਨਕ ਹਾਈ ਸਕੂਲ, ਕਮਿਊਨਟੀ ਕਾਲਜ, ਅਤੇ ਯੂਨੀਵਰਸਿਟੀਆਂ ਤਾਂ ਜੋ ਅਦਾਲਤਾਂ ਵਿਚ ਬਹੁਭਾਸ਼ਾਈ ਵਿਅਕਤੀਆਂ ਲਈ ਉਪਲਬਧ ਕੈਰੀਅਰ ਦੇ ਮੌਕਿਆਂ ਨੂੰ ਉਤਸ਼ਾਹ ਦਿੱਤਾ ਜਾ ਸਕੇ। (ਪੜਾ 1)

**ਨੰਬਰ 34 ਬਹੁਭਾਸ਼ਾਈ ਵਾਲੰਟੀਅਰਾਂ ਦੀ ਵਰਤੋਂ।** ਜਿੱਥੇ ਵੀ ਢੁਕਵਾਂ ਹੋਵੇ, ਅਦਾਲਤ ਦੀਆਂ ਕਾਰਵਾਈਆਂ ਤੋਂ ਬਿਨਾਂ ਸੰਪਰਕ ਦੇ ਹੋਰ ਪੋਆਇੰਟਾਂ ’ਤੇ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਅਦਾਲਤਾਂ ਨੂੰ ਬਹੁਭਾਸ਼ਾਈ ਵਾਲੰਟੀਅਰਾਂ ਦੀ ਵਰਤੋਂ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਬਹੁਭਾਸ਼ਾਈ ਵਾਲੰਟੀਅਰ ਅਤੇ ਇੰਟਰਨਾਂ ਦੀ ਸਹੀ ਤਰ੍ਹਾਂ ਸਿਖਲਾਈ ਅਤੇ ਨਿਗਰਾਨੀ ਹੋਣੀ ਜ਼ਰੂਰੀ ਹੈ। (ਪੜਾ 1)

**ਨੰਬਰ 36 ਟ੍ਰਾਂਸਲੇਸ਼ਨ ਕਮੇਟੀ ਦੀ ਸਥਾਪਨਾ।** ਜੁਡੀਸ਼ੀਅਲ ਕੌਂਸਲ, ਫਾਰਮਾਂ, ਲਿਖਤੀ ਸਾਮੱਗਰੀ ਅਤੇ ਆਡੀਓਵਿਜ਼ੂਅਲ ਸਾਧਨਾਂ ਦੇ ਅਨੁਵਾਦ ਲਈ ਟ੍ਰਾਂਸਲੇਸ਼ਨ ਪ੍ਰੋਟੋਕੋਲ ਤਿਆਰ ਕਰਨ ਲਈ ਇਕ ਟ੍ਰਾਂਸਲੇਸ਼ਨ ਕਮੇਟੀ ਤਿਆਰ ਕਰੇਗੀ। ਕਮੇਟੀ ਨੂੰ ਸਾਰੀਆਂ ਸਰਟੀਫਾਈਡ ਬੋਲੀਆਂ ਵਿਚ ਕਾਨੂੰਨੀ ਸ਼ਬਦ-ਸੰਗ੍ਰਿਹ ਤਿਆਰ ਕਰਨ ਲਈ ਦੋਭਾਸ਼ੀਆਂ ਦੀਆਂ ਸੰਸਥਾਵਾਂ ਅਤੇ ਅਦਾਲਤਾਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਅਜਿਹਾ ਇਲਾਕਾਈ ਫਰਕਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਰਨਾ ਚਾਹੀਦਾ ਹੈ ਤਾਂ ਜੋ ਕਾਨੂੰਨੀ ਸ਼ਬਦਾਂ ਦੇ ਅਨੁਵਾਦ ਵਿਚ ਇਕਸਾਰਤਾ ਕਾਇਮ ਰੱਖੀ ਜਾ ਸਕੇ। ਕਮੇਟੀ ਦੀ ਜ਼ਿੰਮੇਵਾਰੀ ਵਿਚ ਟ੍ਰਾਂਸਲੇਟਰਾਂ ਲਈ ਯੋਗਤਾਵਾਂ ਦੀ ਪਛਾਣ ਕਰਨਾ, ਅਤੇ ਸਾਮੱਗਰੀ ਦੇ ਅਨੁਵਾਦ ਦੀ ਤਰਜੀਹ, ਤਾਲਮੇਲ ਅਤੇ ਨਿਗਰਾਨੀ

ਕਰਨਾ ਵੀ ਸ਼ਾਮਲ ਹੋਵੇਗਾ। ਟ੍ਰਾਂਸਲੇਟਰਾਂ ਦੀ ਯੋਗਤਾ ਵਿਚ ਅਦਾਲਤੀ ਜਾਂ ਕਾਨੂੰਨੀ ਸਪੈਸ਼ਲਾਈਜ਼ੇਸ਼ਨ ਦੀ ਸ਼ਰਤ ਸ਼ਾਮਲ ਹੋਣੀ ਚਾਹੀਦੀ ਹੈ ਅਤੇ ਉਹ ਅਮੈਰੇਕਨ ਟ੍ਰਾਂਸਲੇਟਰਜ਼ ਐਸੋਸੀਏਸ਼ਨ (ਏ ਟੀ ਏ) ਵਲੋਂ ਮਾਨਤਾ ਪ੍ਰਾਪਤ ਹੋਣੇ ਚਾਹੀਦੇ ਹਨ, ਜਾਂ ਉਨ੍ਹਾਂ ਬਾਰੇ ਤਜਰਬੇ, ਪੜ੍ਹਾਈ ਅਤੇ ਰੈਫਰੈਂਸਾਂ ਦੇ ਆਧਾਰ 'ਤੇ ਇਹ ਫੈਸਲਾ ਹੋਇਆ ਹੋਣਾ ਚਾਹੀਦਾ ਹੈ ਕਿ ਉਹ ਅਨੁਵਾਦ ਕਰਨ ਲਈ ਯੋਗਤਾ-ਪ੍ਰਾਪਤ ਹਨ। ਇਕ ਵਾਰ ਜਦੋਂ ਜੁਡੀਸ਼ੀਅਲ ਕੌਂਸਲ ਦਾ ਟ੍ਰਾਂਸਲੇਸ਼ਨ ਦਾ ਪ੍ਰੋਟੋਕੋਲ ਸਥਾਪਤ ਹੋ ਗਿਆ, ਤਾਂ ਨਿੱਜੀ ਅਦਾਲਤਾਂ ਨੂੰ ਲੋਕਾਂ ਨੂੰ ਜਾਣਕਾਰੀ ਦੇਣ ਦੇ ਉਦੇਸ਼ ਲਈ ਸਥਾਨਕ ਫਾਰਮਾਂ, ਜਾਣਕਾਰੀ ਦੇਣ ਵਾਲੀ ਸਾਮੱਗਰੀ, ਰਿਕਾਰਡਿੰਗਾਂ ਅਤੇ ਵੀਡੀਓ ਲਈ ਕੁਆਲਟੀ ਕੰਟਰੋਲ ਅਤੇ ਅਨੁਵਾਦ ਦੇ ਉਸ ਪ੍ਰੋਟੋਕਲ ਵਰਗੇ ਤਰੀਕੇ ਬਣਾਉਣੇ ਚਾਹੀਦੇ ਹਨ। ਸਥਾਨਕ ਅਦਾਲਤ ਦੇ ਵੈੱਬਸਾਈਟ ਉਪਰਲੀ ਜਾਣਕਾਰੀ ਲਈ ਵੀ ਉਸੇ ਤਰ੍ਹਾਂ ਦੇ ਯੋਗਤਾ-ਪ੍ਰਾਪਤ ਟ੍ਰਾਂਸਲੇਟਰ ਵਰਤੇ ਜਾਣੇ ਚਾਹੀਦੇ ਹਨ। ਇਸ ਸਿਫਾਰਸ਼ ਨੂੰ ਸਿਰੇ ਚਾੜ੍ਹਨ ਲਈ ਅਦਾਲਤਾਂ ਨੂੰ ਸਥਾਨਕ ਕਮਿਉਨਟੀ ਸੰਸਥਾਵਾਂ ਨਾਲ ਰਲ ਕੇ ਕੰਮ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ। (ਪੜਾ 1)

**ਨੰਬਰ 37 ਸਟੇਟ ਭਰ ਲਈ ਬਹੁਭਾਸ਼ਾਈ ਨਮੂਨੇ ਅਤੇ ਟੈਮਪਲੇਟਸ।** ਜੁਡੀਸ਼ੀਅਲ ਕੌਂਸਲ ਦਾ ਸਟਾਫ, ਅਦਾਲਤ ਦੀ ਵਰਤੋਂ ਕਰਨ ਵਾਲਿਆਂ ਲਈ ਬਹੁਭਾਸ਼ਾਈ ਜਾਣਕਾਰੀ ਦੇ ਨਮੂਨੇ ਅਤੇ ਟੈਮਪਲੇਟਸ ਪ੍ਰਦਾਨ ਕਰਨ ਲਈ ਅਦਾਲਤਾਂ ਨਾਲ ਰਲ ਕੇ ਕੰਮ ਕਰੇਗਾ ਜੋ ਕਿ ਸਟੇਟ ਪੱਧਰ 'ਤੇ ਲਾਗੂ ਹੋਣ ਯੋਗ ਹੋਣਗੇ ਅਤੇ ਸਥਾਨਕ ਵਰਤੋਂ ਲਈ ਅਪਣਾਏ ਜਾ ਸਕਣਗੇ। (ਪੜਾ 1)

**ਨੰਬਰ 38 ਅਨੁਵਾਦ ਨੂੰ ਵੈੱਬ 'ਤੇ ਪਾਉਣਾ।** ਜੁਡੀਸ਼ੀਅਲ ਕੌਂਸਲ ਦਾ ਸਟਾਫ, ਲੋਕਾਂ ਲਈ ਫਾਰਮਾਂ ਅਤੇ ਜਾਣਕਾਰੀ ਅਤੇ ਸਿੱਖਿਆ ਦੇਣ ਵਾਲੀ ਸਾਮੱਗਰੀ ਦੇ ਲਿਖਤੀ ਅਨੁਵਾਦ ਕੈਲੇਫੋਰਨੀਆ ਕੋਰਟਸ ਦੇ ਵੈੱਬਸਾਈਟ 'ਤੇ ਪਾਵੇਗਾ, ਜਿਵੇਂ ਜਿਵੇਂ ਇਹ ਉਪਲਬਧ ਹੋਣਗੇ ਅਤੇ ਇਨ੍ਹਾਂ ਦੇ ਮੌਜੂਦ ਹੋਣ ਦੀ ਸੂਚਨਾ ਅਦਾਲਤਾਂ ਨੂੰ ਭੇਜੇਗਾ ਤਾਂ ਜੋ ਅਦਾਲਤਾਂ ਆਪਣੇ ਵੈੱਬਸਾਈਟ ਤੋਂ ਇਨ੍ਹਾਂ ਪੋਸਟਿੰਗਜ਼ ਨਾਲ ਲਿੰਕ ਕਰ ਸਕਣ। (ਪੜਾ 1)

**ਨੰਬਰ 40 ਅਦਾਲਤ ਦੇ ਆਰਡਰਾਂ ਦਾ ਅਨੁਵਾਦ।** ਅਦਾਲਤਾਂ ਅਦਾਲਤ ਦੇ ਆਰਡਰਾਂ ਦੀ ਸਾਈਟ ਟ੍ਰਾਂਸਲੇਸ਼ਨ (ਆਰਡਰਾਂ ਨੂੰ ਪੜ੍ਹ ਕੇ ਦੋਭਾਸ਼ੀਏ ਵਲੋਂ ਕੀਤਾ ਗਿਆ ਮੌਖਿਕ ਅਨੁਵਾਦ) ਪ੍ਰਦਾਨ ਕਰਨਗੀਆਂ ਅਤੇ ਜਦੋਂ ਵੀ ਲੋੜ ਹੋਵੇ ਉਨ੍ਹਾਂ ਆਰਡਰਾਂ ਦਾ ਲਿਖਤੀ ਅਨੁਵਾਦ ਐੱਲ ਈ ਪੀ ਵਿਅਕਤੀਆਂ ਨੂੰ ਪ੍ਰਦਾਨ ਕਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਘੱਟੋ ਘੱਟ, ਅਦਾਲਤਾਂ ਨੂੰ ਜੁਡੀਸ਼ੀਅਲ ਕੌਂਸਲ ਦੇ ਢੁਕਵੇਂ ਫਾਰਮ ਦਾ ਅਨੁਵਾਦ ਹੋਇਆ ਰੂਪ ਪ੍ਰਦਾਨ ਕਰਨਾ ਚਾਹੀਦਾ ਹੈ ਤਾਂ ਜੋ ਮਕੁੱਦਮੇਬਾਜ਼ ਆਪਣੇ ਖਾਸ ਅਦਾਲਤੀ ਆਰਡਰ ਦੀ ਤੁਲਨਾ ਅਨੁਵਾਦ ਹੋਏ ਟੈਮਪਲੇਟ ਫਾਰਮ ਨਾਲ ਕਰ ਸਕਣ। (ਪੜਾ 1)

**ਨੰਬਰ 43 ਦੋਭਾਸ਼ੀਆਂ ਦੀ ਯੋਗਤਾ ਲਈ ਮਿਆਰ।** ਅਦਾਲਤਾਂ, ਜੁਡੀਸ਼ੀਅਲ ਕੌਂਸਲ ਅਤੇ ਕੋਰਟ ਇੰਟਰਪਰੇਟਰਜ਼ ਐਡਵਾਈਜ਼ਰੀ ਪੈਨਲ (ਸੀ ਆਈ ਏ ਪੀ) ਇਹ ਪੱਕਾ ਕਰਨਗੇ ਕਿ ਅੰਗਰੇਜ਼ੀ ਵਿਚ ਸੀਮਤ ਮੁਹਾਰਤ ਵਾਲੇ ਸਾਰੇ ਅਦਾਲਤੀ ਵਰਤੋਂਕਾਰਾਂ ਨੂੰ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੇਣ ਵਾਲੇ ਸਾਰੇ ਦੋਭਾਸ਼ੀਏ ਯੋਗਤਾ-ਪ੍ਰਾਪਤ ਅਤੇ ਸਮਰੱਥ ਹੋਣ। ਯੋਗਤਾ ਲਈ ਪਹਿਲਾਂ ਹੀ ਮੌਜੂਦ ਮਿਆਰ ਲਾਗੂ ਰਹਿਣੇ ਚਾਹੀਦੇ ਹਨ ਅਤੇ ਇਨ੍ਹਾਂ 'ਤੇ ਸੀ ਆਈ ਏ ਪੀ ਵਲੋਂ ਨੇਮ ਨਾਲ ਵਿਚਾਰ ਕੀਤੀ ਜਾਵੇਗੀ। (ਪੜਾ 1)

**ਨੰਬਰ 44 ਨਵੇਂ ਦੋਭਾਸ਼ੀਆਂ ਲਈ ਔਨਲਾਈਨ ਓਰੀਐਨਟੇਸ਼ਨ ਕੋਰਸ।** ਸਟੇਟ ਭਰ ਵਿਚ ਚੱਲਣ ਵਾਲਾ ਔਨਲਾਈਨ ਓਰੀਐਨਟੇਸ਼ਨ ਪ੍ਰੋਗਰਾਮ, ਅਦਾਲਤਾਂ ਵਿਚ ਕੰਮ ਕਰਨ ਵਾਲੇ ਨਵੇਂ ਦੋਭਾਸ਼ੀਆਂ ਲਈ ਅਦਾਲਤੀ ਸਥਿਤੀਆਂ ਬਾਰੇ ਟਰੇਨਿੰਗ ਦੇਣਾ ਜਾਰੀ ਰੱਖੇਗਾ। (ਪੜਾ 1)

**ਨੰਬਰ 45 ਸੰਭਾਵੀ ਦੋਭਾਸ਼ੀਆਂ ਲਈ ਟਰੇਨਿੰਗ।** ਜੂਡੀਸ਼ੀਅਲ ਕੌਂਸਲ ਅਤੇ ਅਦਾਲਤਾਂ ਨੂੰ ਸੰਭਾਵੀ ਦੋਭਾਸ਼ੀਆਂ ਨੂੰ ਟੈੱਸਟ ਪਾਸ ਕਰਨ ਲਈ ਬਿਹਤਰ ਤਿਆਰ ਕਰਨ ਲਈ, ਦੋਭਾਸ਼ੀਆਂ ਦੀਆਂ ਸੰਸਥਾਵਾਂ ਅਤੇ ਵਿਦਿਆ ਪ੍ਰਦਾਨ ਕਰਨ ਵਾਲਿਆਂ (ਸਮੇਤ ਕੈਲੇਫੋਰਨੀਆ ਕਮਿਉਨਟੀ ਕਾਲਜ ਅਤੇ ਸਟੇਟ ਦੇ ਯੂਨੀਵਰਸਿਟੀ ਸਿਸਟਮਾਂ ਦੇ) ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ। ਇਨ੍ਹਾਂ ਯਤਨਾਂ ਵਿਚ ਇਹ ਸ਼ਾਮਲ ਹੋਣੇ ਚਾਹੀਦੇ ਹਨ:

- ਟੈੱਸਟ ਦੀ ਤਿਆਰੀ ਲਈ ਸੰਭਵ ਕੋਰਸ ਅਤੇ ਟੈੱਸਟ ਤਿਆਰ ਕਰਨ ਲਈ ਭਾਈਵਾਲੀ ਕਰਨਾ, ਅਤੇ
- ਸਾਰੇ ਕਾਨੂੰਨੀ ਖੇਤਰਾਂ ਵਿਚ ਸੰਭਾਵੀ ਦੋਭਾਸ਼ੀਆਂ ਨੂੰ ਟਰੇਂਡ ਅਤੇ ਤਿਆਰ ਕਰਨ ਵਿਚ ਮਦਦ ਕਰਨ ਲਈ, ਅਦਾਲਤਾਂ ਅਤੇ ਇਸ ਨਾਲ ਸੰਬੰਧਿਤ ਕਾਨੂੰਨੀ ਮਾਹੌਲ (ਜਿਵੇਂ ਕਿ ਕਾਨੂੰਨੀ ਸੇਵਾਵਾਂ ਦੇਣ ਵਾਲਿਆਂ ਜਾਂ ਹੋਰ ਕਾਨੂੰਨੀ ਪੇਸ਼ਿਆਂ ਨਾਲ ਕੰਮ) ਵਿਚ ਇਨਟਰਨਸ਼ਿਪ ਅਤੇ ਮੈਂਟਰਸ਼ਿਪ ਦੇ ਮੌਕੇ ਪ੍ਰਦਾਨ ਕਰਨਾ (ਪੜਾ 1)

**ਨੰਬਰ 46 ਸਿਵਲ ਕੇਸਾਂ ਅਤੇ ਦੂਰ ਤੋਂ ਅਨੁਵਾਦ ਕਰਨ ਬਾਰੇ ਦੋਭਾਸ਼ੀਆਂ ਲਈ ਟਰੇਨਿੰਗ।** ਜੂਡੀਸ਼ੀਅਲ ਕੌਂਸਲ, ਦੋਭਾਸ਼ੀਆਂ ਦੀਆਂ ਸੰਸਥਾਵਾਂ ਅਤੇ ਵਿਦਿਅਕ ਗਰੁੱਪਾਂ ਨੂੰ ਉਨ੍ਹਾਂ ਲੋਕਾਂ ਲਈ ਟਰੇਨਿੰਗ ਦੇ ਪ੍ਰੋਗਰਾਮ ਤਿਆਰ ਕਰਨ ਲਈ ਸਹਿਯੋਗ ਕਰਨਾ ਚਾਹੀਦਾ ਹੈ ਜਿਹੜੇ ਸਿਵਲ ਕੇਸਾਂ ਵਿਚ ਅਨੁਵਾਦ ਕਰਨਗੇ ਅਤੇ ਜਿਹੜੇ ਦੂਰੋਂ ਦੋਭਾਸ਼ੀਏ ਦੀਆਂ ਸੇਵਾਵਾਂ ਪ੍ਰਦਾਨ ਕਰਨਗੇ। (ਪੜਾ 1)

**ਨੰਬਰ 47 ਬਹੁਭਾਸ਼ਾਈ ਸਟਾਫ ਲਈ ਬੋਲੀ ਵਿਚ ਮੁਹਾਰਤ ਦੇ ਮਿਆਰ।** ਅਦਾਲਤਾਂ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਜਾਣਕਾਰੀ ਦੇਣ ਵਾਲਾ ਬਹੁਭਾਸ਼ਾਈ ਸਟਾਫ ਉਨ੍ਹਾਂ ਬੋਲੀਆਂ ਵਿਚ ਮੁਹਾਰਤ ਰੱਖਦਾ ਹੋਵੇ ਜਿਨ੍ਹਾਂ ਵਿਚ ਉਹ ਗੱਲਬਾਤ ਕਰਦਾ ਹੈ। ਅਦਾਲਤਾਂ ਵਲੋਂ ਬਹੁਭਾਸ਼ਾਈ ਸਟਾਫ ਨਿਯੁਕਤ ਕੀਤੇ ਗਏ ਸਾਰੇ ਸਟਾਫ ਲਈ, ਅਮੈਰੇਕਨ ਕੌਂਸਲ ਔਨ ਦਾ ਟੀਚਿੰਗ ਔਫ ਫੌਰਨ ਲੈਂਗੁਏਜਿਜ਼ ਗਾਈਡਲਾਈਨਜ਼ ਹੇਠ ਪ੍ਰੀਭਾਸ਼ਤ ਕੀਤੇ ਗਏ "ਇੰਟਰਮੀਡੀਏਟ ਮਿਡ" ਅਨੁਸਾਰ ਘੱਟੋ ਘੱਟ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ। (ਅੰਤਿਕਾ ਐੱਫ ਦੇਖੋ।) ਅਦਾਲਤਾਂ ਵਲੋਂ ਜੂਡੀਸ਼ੀਅਲ ਕੌਂਸਲ ਦੇ ਕੋਰਟ ਲੈਂਗੁਏਜ ਐਕਸੈੱਸ ਸੁਪੋਰਟ ਪ੍ਰੋਗਰਾਮ (ਸੀ ਐੱਲ ਏ ਐੱਸ ਪੀ) ਦੇ ਯੂਨਿਟ ਰਾਹੀਂ ਪਹਿਲਾਂ ਹੀ ਮੌਜੂਦ ਬੋਲਣ ਵਿਚ ਮੁਹਾਰਤ ਦਾ ਟੈੱਸਟ, ਸਟਾਫ ਦੀ ਬਦੇਸ਼ੀ-ਜ਼ਬਾਨ ਵਿਚ ਮੁਹਾਰਤ ਨੂੰ ਟੈੱਸਟ ਕਰਨ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਦੀ ਬੋਲੀ ਦੀ ਮੁਹਾਰਤ ਦਾ ਪਤਾ ਲਾਉਣ ਲਈ ਅਦਾਲਤਾਂ ਨੂੰ ਬਹੁਭਾਸ਼ਾਈ ਸਟਾਫ ਦੇ ਸਵੈ-ਮੁਲਾਂਕਣ 'ਤੇ ਨਿਰਭਰ ਨਹੀਂ ਕਰਨਾ ਚਾਹੀਦਾ। (ਪੜਾ 1)

**ਨੰਬਰ 48 ਬਹੁਭਾਸ਼ਾਈ ਸਟਾਫ ਲਈ ਮਿਆਰ ਅਤੇ ਔਨਲਾਈਨ ਟਰੇਨਿੰਗ।** ਖਾਸ ਘੱਟੋ ਘੱਟ ਤੋਂ ਅਗਾਂਹ, ਜੂਡੀਸ਼ੀਅਲ ਕੌਂਸਲ ਦਾ ਸਟਾਫ ਇਹ ਕਰਨ ਲਈ ਅਦਾਲਤਾਂ ਨਾਲ ਕੰਮ ਕਰੇਗਾ (ਏ) ਅਦਾਲਤਾਂ ਨਾਲ ਲੋਕਾਂ ਦੇ ਸੰਪਰਕ ਦੇ ਖਾਸ ਪੋਆਇੰਟਾਂ ਲਈ ਬੋਲੀ ਦੀ ਮੁਹਾਰਤ ਦੇ ਮਿਆਰਾਂ ਦੀ ਪਛਾਣ ਕਰਨ ਲਈ, ਅਤੇ (ਬੀ) ਬਹੁਭਾਸ਼ਾਈ ਸਟਾਫ ਲਈ ਔਨਲਾਈਨ ਟਰੇਨਿੰਗ ਤਿਆਰ ਅਤੇ ਲਾਗੂ ਕਰਨ ਲਈ। (ਪੜਾ 1)

**ਨੰਬਰ 50 ਬੋਲੀ ਤੱਕ ਪਹੁੰਚ ਦੀ ਪਲੈਨ ਦੇ ਸਬੰਧ ਵਿਚ ਜੂਡੀਸ਼ੀਅਲ ਬਰਾਂਚ ਦੀ ਟਰੇਨਿੰਗ।** ਜੂਡੀਸ਼ੀਅਲ ਅਫਸਰ, ਜਿਸ ਵਿਚ ਟੈਂਪਰੇਰੀ ਜੱਜ, ਕੋਰਟ ਪ੍ਰਬੰਧਕ, ਅਤੇ ਕੋਰਟ ਦਾ ਸਟਾਫ ਸ਼ਾਮਲ ਹਨ, ਬੋਲੀ ਤੱਕ ਪਹੁੰਚ ਦੀ ਇਸ ਪਲੈਨ ਵਿਚ ਬਿਆਨ ਕੀਤੇ ਮੁਤਾਬਕ, ਜੂਡੀਸ਼ੀਅਲ ਬਰਾਂਚ ਦੀਆਂ ਬੋਲੀ ਤੱਕ ਪਹੁੰਚ ਦੀਆਂ ਪਾਲਸੀਆਂ ਅਤੇ ਮੰਗਾਂ ਦੇ ਸਬੰਧ ਵਿਚ ਅਤੇ ਇਸ ਦੇ ਨਾਲ ਆਪਣੀਆਂ ਅਦਾਲਤਾਂ ਦੀਆਂ ਪਾਲਸੀਆਂ ਅਤੇ ਤਰੀਕਿਆਂ ਦੇ ਸੰਬੰਧ ਵਿੱਚ ਟਰੇਨਿੰਗ ਲੈਣਗੇ। ਪਾਲਸੀਆਂ ਨਵਿਆਉਣ ਜਾਂ ਤਬਦੀਲ ਕਰਨ ਵੇਲੇ ਅਦਾਲਤਾਂ ਨੂੰ ਵਾਧੂ ਟਰੇਨਿੰਗ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਟਰੇਨਿੰਗ ਵਿਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਦੋਭਾਸ਼ੀਆਂ ਦੀ ਸ਼ਮੂਲੀਅਤ ਵਾਲੀਆਂ ਅਦਾਲਤੀ ਕਾਰਵਾਈਆਂ ਨੂੰ ਚਲਾਉਣ ਲਈ ਵਧੀਆ ਤਰੀਕੇ, ਸਮੇਤ ਅਨੁਵਾਦ ਲਈ ਚਾਹੀਦੀ ਦਿਮਾਗੀ ਮਿਹਨਤ ਅਤੇ ਇਕਾਗਰਤਾ, ਦੋਭਾਸ਼ੀਏ ਦੇ ਥਕੇਂਵੇਂ ਦੀਆਂ ਚੁਣੌਤੀਆਂ, ਤੇਜ਼ ਬੋਲਣ ਅਤੇ ਤੇਜ਼ ਗੱਲਬਾਤ ਨੂੰ ਕੰਟਰੋਲ ਕਰਨ ਦੀ ਲੋੜ ਅਤੇ ਜਿੱਥੇ ਵੀ ਢੁਕਵਾਂ ਹੋਵੇ ਟੀਮ ਵਲੋਂ ਅਨੁਵਾਦ ਬਾਰੇ ਵਿਚਾਰਾਂ ਸ਼ਾਮਲ ਹਨ;
- ਅਨੁਵਾਦ ਦੌਰਾਨ ਮਸਲਿਆਂ ਨੂੰ ਸਪਸ਼ਟ ਕਰਨ ਅਤੇ ਕਾਰਗੁਜ਼ਾਰੀ ਵਿਚ ਵਿਘਨ ਬਾਰੇ ਦੱਸਣ ਦਾ ਦੋਭਾਸ਼ੀਏ ਦਾ ਨੈਤਿਕ ਫਰਜ਼;
- ਆਰਜ਼ੀ ਯੋਗਤਾ ਵਾਲੇ ਦੋਭਾਸ਼ੀਏ ਦੀ ਨਿਯੁਕਤੀ ਅਤੇ ਵਰਤੋਂ ਲਈ ਲੋੜੀਂਦੀਆਂ ਸ਼ਰਤਾਂ ਅਤੇ ਜੇ ਮੰਗ ਕੀਤੀ ਗਈ ਹੋਵੇ ਤਾਂ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਵਲੋਂ ਦੋਭਾਸ਼ੀਏ ਦੀਆਂ ਸੇਵਾਵਾਂ ਬਾਰੇ ਵੇਵਰ;
- ਦੋਭਾਸ਼ੀਏ ਦੀਆਂ ਯੋਗਤਾਵਾਂ ਨੂੰ ਰਿਕਾਰਡ ’ਤੇ ਰੱਖਣ ਲਈ ਕਾਨੂੰਨੀ ਮੰਗਾਂ;
- ਦੂਰੋਂ ਦੋਭਾਸ਼ੀਏ ਦੀਆਂ ਸੇਵਾਵਾਂ ਦੇਣ ਲਈ ਉਪਲਬਧ ਟੈਕਨੋਲੋਜੀਆਂ ਅਤੇ ਘੱਟੋ ਘੱਟ ਟੈਕਨੀਕਲ ਅਤੇ ਕਾਰਜੀ ਮਿਆਰ; ਅਤੇ
- ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨਾਲ ਸਭਿਆਚਾਰਕ ਤੌਰ ’ਤੇ ਢੁਕਵੇਂ ਤਰੀਕੇ ਨਾਲ ਕੰਮ ਕਰਨਾ।

ਜੂਡੀਸ਼ੀਅਲ ਕੌਂਸਲ ਦਾ ਸਟਾਫ ਟਰੇਨਿੰਗਾਂ ਲਈ ਪਾਠਕ੍ਰਮ ਤਿਆਰ ਕਰੇਗਾ ਅਤੇ ਰੀਸੋਰਸ ਮੈਨੂਅਲਜ਼ ਵੀ ਤਿਆਰ ਕਰੇਗਾ ਜਿਹੜੇ ਟਰੇਨਿੰਗ ਦੇ ਸਾਰੇ ਹਿੱਸਿਆਂ ਬਾਰੇ ਹੋਣਗੇ ਅਤੇ ਸਥਾਨਕ ਲੋੜਾਂ ਦੇ ਅਨੁਕੂਲ ਬਣਾਉਣ ਲਈ ਸਾਰੀਆਂ ਅਦਾਲਤਾਂ ਨੂੰ ਵੰਡੇ ਜਾਣਗੇ। (ਪੜਾ 1)

**ਨੰਬਰ 52 ਬੋਲੀ ਤੱਕ ਪਹੁੰਚ ਬਾਰੇ ਬੈਂਚਕਾਰਡ।** ਜੂਡੀਸ਼ੀਅਲ ਕੌਂਸਲ ਦੇ ਸਟਾਫ ਨੂੰ, ਬੋਲੀ ਦੇ ਉਨ੍ਹਾਂ ਮਸਲਿਆਂ ਦਾ ਹੱਲ ਕਰਨ ਵਿਚ ਬੈਂਚ ਅਫਸਰਾਂ ਦੀ ਮਦਦ ਕਰਨ ਲਈ, ਬੈਂਚ ਕਾਰਡ ਬਣਾਉਣੇ ਚਾਹੀਦੇ ਹਨ ਜਿਹੜੇ ਬੋਲੀ ਤੱਕ ਪਹੁੰਚ ਦੀਆਂ ਮੁੱਖ ਪਾਲਸੀਆਂ ਅਤੇ ਤਰੀਕਿਆਂ ਅਤੇ ਉਪਲਬਧ ਵਸੀਲਿਆਂ ਦਾ ਸੰਖੇਪ ਦੱਸਦੇ ਹੋਣ ਜਿਹੜੇ ਮਸਲੇ ਅਦਾਲਤ ਵਿਚ ਪੈਦਾ ਹੁੰਦੇ ਹਨ, ਸਮੇਤ ਦੂਰੋਂ ਅਨੁਵਾਦ ਨਾਲ ਸੰਬੰਧਿਤ ਪਾਲਸੀਆਂ ਦੇ। (ਪੜਾ 1)

**ਨੰਬਰ 56 ਢੁਕਵੇਂ ਫੰਡਾਂ ਲਈ ਹਿਮਾਇਤ।** ਜੂਡੀਸ਼ੀਅਲ ਬਰਾਂਚ ਬੋਲੀ ਤੱਕ ਪਹੁੰਚ ਦੀਆਂ ਵਿਆਪਕ ਸੇਵਾਵਾਂ ਦੇਣ ਲਈ ਢੁਕਵੇਂ ਫੰਡਾਂ ਲਈ ਹਿਮਾਇਤ ਕਰੇਗੀ। ਫੰਡਾਂ ਲਈ ਬੇਨਤੀਆਂ ਲਈ ਬੋਲੀ ਤੱਕ ਪਹੁੰਚ ਨੂੰ ਪੜਾਵਾਂ ਵਿਚ ਵਾਧੇ ਦਾ ਅਕਸ ਦਿਖਾਉਣਾ ਚਾਹੀਦਾ ਹੈ, ਅਤੇ ਇਹ ਪੱਕਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਬੇਨਤੀਆਂ ਅਦਾਲਤ ਦੀਆਂ ਹੋਰ ਸੇਵਾਵਾਂ ਜਾਂ ਕਾਰਜਾਂ ਲਈ ਫੰਡਾਂ ਨੂੰ ਖਤਰੇ ਵਿਚ ਨਾ ਪਾਉਣ। (ਪੜਾ 1)

**ਨੰਬਰ 57 ਫੰਡਾਂ ਲਈ ਬੇਨਤੀਆਂ ਲਈ ਅੰਕੜਿਆਂ ਦੀ ਵਰਤੋਂ।** ਬੋਲੀ ਤੱਕ ਪਹੁੰਚ ਦੀਆਂ ਵਿਆਪਕ ਸੇਵਾਵਾਂ ਦੇਣ ਖਾਤਰ ਢੁਕਵੇਂ ਫੰਡਾਂ ਲਈ ਬੇਨਤੀਆਂ ਸਭ ਤੋਂ ਬਿਹਤਰ ਉਪਲਬਧ ਅੰਕੜਿਆਂ ਦੇ ਆਧਾਰ ’ਤੇ ਹੋਣੀਆਂ ਚਾਹੀਦੀਆਂ ਹਨ ਜਿਹੜੇ ਇਸ ਬੋਲੀ ਤੱਕ ਪਹੁੰਚ ਦੀ ਪਲੈਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਵਸੀਲਿਆਂ ਦੀ ਪਛਾਣ ਕਰਦੇ ਹੋਣ। ਇਸ ਵਿਚ ਜਿੱਥੇ ਧਿਰਾਂ ਗਰੀਬ ਹਨ, ਉੱਥੇ ਸਿਵਲ ਕੇਸਾਂ ਲਈ ਪ੍ਰੋਗਰਾਮ 45.45 ਫੰਡਾਂ ਦੀ ਵਰਤੋਂ ਨੂੰ ਵਧਾਉਣ ਲਈ ਜੂਡੀਸ਼ੀਅਲ ਕੌਂਸਲ ਦੇ ਤਾਜ਼ਾ ਫੈਸਲੇ ਨਾਲ ਜੁੜੀ ਜਾਣਕਾਰੀ; 2015 ਲੈਂਗੂਏਜ ਨੀਡ ਐਂਡ ਇੰਟਰਪਰੇਟਰ ਯੂਜ਼ ਰਿਪੋਰਟ ਲਈ ਇਕੱਠੀ ਕੀਤੀ ਜਾ ਰਹੀ ਜਾਣਕਾਰੀ; ਅਤੇ ਉਹ ਜਾਣਕਾਰੀ ਜਿਸ ਦਾ (ਅਦਾਲਤ ਦੇ ਸਟਾਫ ਦੇ ਕੰਮ ਦੇ ਬੋਝ ਬਾਰੇ ਦੇਖਣ ਵਾਲੀ) ਰੀਸੋਰਸ ਅਸੈਂਬਲੀ ਸਟੱਡੀ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਅਤੇ ਇਸ ਦੇ ਨਾਲ ਨਾਲ ਅਦਾਲਤ ਦੇ ਹੋਰ ਰਿਕਾਰਡਾਂ (ਜਿਵੇਂ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨਾਲ ਸੰਬੰਧਿਤ ਸੈਲਫ-ਹੈਲਪ ਸੈਂਟਰ ਰਿਕਾਰਡ) ’ਤੇ ਆਧਾਰਤ ਜਾਣਕਾਰੀ ਸ਼ਾਮਲ ਹੋ ਸਕਦੀ ਹੈ। (ਪੜਾ 1)

**ਨੰਬਰ 58 ਜੂਡੀਸ਼ੀਅਲ ਕੌਂਸਲ ਵਲੋਂ ਫੰਡਾਂ ਦੇ ਹੋਰ ਮੌਕਿਆਂ ਦੀ ਪੈਰਵੀ।** ਜੂਡੀਸ਼ੀਅਲ ਕੌਂਸਲ ਦਾ ਸਟਾਫ ਫੈਡਰਲ, ਸਟੇਟ, ਜਾਂ ਬਿਨਾਂ ਮੁਨਾਫੇ ਦੇ ਕੰਮ ਕਰਨ ਵਾਲੀਆਂ ਸੰਸਥਾਵਾਂ ਜਿਵੇਂ ਕਿ ਨੈਸ਼ਨਲ ਸੈਂਟਰ ਫਾਰ ਸਟੇਟ ਕੋਰਟਸ ਤੋਂ ਅਜਿਹੇ

ਢੁਕਵੇਂ ਫੰਡ ਲੈਣ ਲਈ ਪੈਰਵੀ ਕਰੇਗਾ ਜਿਹੜੇ ਫੰਡ ਇਕ ਸਮੇਂ ਦੇ ਪ੍ਰੋਜੈਕਟਾਂ ਲਈ ਖਾਸ ਤੌਰ ’ਤੇ ਢੁਕਵੇਂ ਹਨ, ਜਿਵੇਂ ਕਿ ਡਾਕੂਮੈਂਟਸ ਦੇ ਅਨੁਵਾਦ ਲਈ ਜਾਂ ਵੀਡੀਓ ਤਿਆਰ ਕਰਨ ਲਈ। (ਪੜਾ 1)

**ਨੰਬਰ 59 ਅਦਾਲਤਾਂ ਵਲੋਂ ਫੰਡਾਂ ਦੇ ਹੋਰ ਮੌਕਿਆਂ ਦੀ ਪੈਰਵੀ।** ਅਦਾਲਤਾਂ ਨੂੰ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੇ ਹੱਕ ਵਿਚ ਨੈਸ਼ਨਲ, ਸਟੇਟ ਜਾਂ ਸਥਾਨਕ ਪੱਧਰ ’ਤੇ ਢੁਕਵੇਂ ਫੰਡਾਂ ਲਈ ਪੈਰਵੀ ਕਰਨੀ ਚਾਹੀਦੀ ਹੈ। ਉਦਾਹਰਣ ਲਈ, ਅਦਾਲਤਾਂ ਨੂੰ ਜਨਤਕ ਦਿਲਚਸਪੀ ਰੱਖਦੀਆਂ ਫਾਉਂਡੇਸ਼ਨਾਂ, ਸਟੇਟ ਜਾਂ ਲੋਕਲ ਬਾਰ ਐਸੋਸੀਏਸ਼ਨਾਂ, ਫੈਡਰਲ, ਸਟੇਟ, ਜਾਂ ਸਥਾਨਕ ਸਰਕਾਰਾਂ ਅਤੇ ਹੋਰਨਾਂ ਤੋਂ ਇਕ ਵਾਰੀ ਲਈ ਗਰਾਂਟਾਂ ਜਾਂ ਜਾਰੀ ਰਹਿਣ ਵਾਲੀਆਂ ਗਰਾਂਟਾਂ ਲੈਣ ਦੇ ਯਤਨ ਕਰਨੇ ਚਾਹੀਦੇ ਹਨ। (ਪੜਾ 1)

**ਨੰਬਰ 60 ਬੋਲੀ ਤੱਕ ਪਹੁੰਚ ਨੂੰ ਲਾਗੂ ਕਰਨ ਵਾਲੀ ਟਾਸਕ ਫੋਰਸ।** ਜੁਡੀਸ਼ੀਅਲ ਕੌਂਸਲ, ਕੌਂਸਲ ਕੋਲ ਪੇਸ਼ ਕਰਨ ਲਈ ਇਕ ਲੈਂਗੂਏਜ ਐਕਸੈੱਸ ਇਮਪਲੀਮਿਨਟੇਸ਼ਨ ਟਾਸਕ ਫੋਰਸ (ਨਾਂ ਦਾ ਫੈਸਲਾ ਬਾਅਦ ਵਿਚ ਕੀਤਾ ਜਾਵੇਗਾ) ਬਣਾਏਗੀ ਜਿਸ ਦਾ ਕੰਮ ਲਾਗੂ ਕੀਤੀ ਜਾਣ ਵਾਲੀ ਪਲੈਨ ਤਿਆਰ ਕਰਨਾ ਹੋਵੇਗਾ। ਇਮਪਲੀਮਿਨਟੇਸ਼ਨ ਟਾਸਕ ਫੋਰਸ ਦੇ ਮੈਂਬਰਾਂ ਵਿਚ, ਅਦਾਲਤਾਂ ਵਿਚ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਵਿਚ ਦਿਲਚਸਪੀ ਰੱਖਦੀਆਂ ਮੁੱਖ ਧਿਰਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿਚ ਇਹ ਸ਼ਾਮਲ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ, ਜੂਡੀਸ਼ੀਅਲ ਅਫਸਰ, ਅਦਾਲਤ ਪ੍ਰਬੰਧਕ, ਅਦਾਲਤੀ ਦੋਭਾਸ਼ੀਏ, ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਵਾਲੇ, ਅਤੇ ਅਟਾਰਨੀ ਜਿਹੜੇ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨਾਲ ਆਮ ਹੀ ਕੰਮ ਕਰਦੇ ਹਨ। ਆਪਣੇ ਚਾਰਜ ਦੇ ਹਿੱਸੇ ਵਜੋਂ, ਟਾਸਕ ਫੋਰਸ ਐੱਲ ਏ ਪੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਨਾਲ ਜੁੜੇ ਖਰਚਿਆਂ ਦੀ ਪਛਾਣ ਕਰੇਗੀ। ਇਮਪਲੀਮਿਨਟੇਸ਼ਨ ਟਾਸਕ ਫੋਰਸ ਸੰਬੰਧਿਤ ਐਡਵਾਈਜ਼ਰੀ ਗਰੁੱਪਾਂ ਅਤੇ ਜੂਡੀਸ਼ੀਅਲ ਕੌਂਸਲ ਦੇ ਸਟਾਫ ਨਾਲ ਲਾਗੂ ਕਰਨ ਬਾਰੇ ਤਾਲਮੇਲ ਕਰੇਗੀ, ਅਤੇ ਇਸ ਕੋਲ ਸੰਭਾਵਨਾ ਅਤੇ ਉਪਲਬਧ ਵਸੀਲਿਆਂ ਦੇ ਆਧਾਰ ’ਤੇ ਇਮਪਲੀਮਿਨਟੇਸ਼ਨ ਪਲੈਨਾਂ ’ਤੇ ਨਿਗਰਾਨੀ ਰੱਖਣ ਅਤੇ ਇਨ੍ਹਾਂ ਨੂੰ ਅਡਜਸਟ ਕਰਨ ਲਈ ਲਚਕਸ਼ੀਲਤਾ ਹੋਵੇਗੀ। (ਪੜਾ 1)

**ਨੰਬਰ 61 ਤਾਮੀਲ ਅਤੇ ਨਿਗਰਾਨੀ ਦਾ ਸਿਸਟਮ।** ਬੋਲੀ ਤੱਕ ਪਹੁੰਚ ਦੀ ਪਲੈਨ ਦੀ ਪਾਲਣਾ ’ਤੇ ਨਿਗਰਾਨੀ ਰੱਖਣ ਲਈ ਇਮਪਲੀਮਿਨਟੇਸ਼ਨ ਟਾਸਕ ਫੌਰਸ ਲੋੜੀਂਦੇ ਸਿਸਟਮ ਸਥਾਪਤ ਕਰੇਗੀ। ਇਸ ਵਿਚ ਸਟੇਟ ਭਰ ਵਿਚ ਅਤੇ ਅਦਾਲਤਾਂ ਦੇ ਨਿੱਜੀ ਪੱਧਰ ’ਤੇ ਬੋਲੀ ਤੱਕ ਪਹੁੰਚ ਲਈ ਪਲੈਨ ਦੇ ਅਸਰਾਂ ਦੀ ਨਿਗਰਾਨੀ ਕਰਨਾ, ਅਤੇ ਪਲੈਨ ਵਿਚ ਲਗਾਤਾਰ ਕੀਤੀਆਂ ਜਾਣ ਵਾਲੀਆਂ ਅਡਜਸਟਮੈਂਟਾਂ ਅਤੇ ਸੁਧਾਰਾਂ ਦੀ ਲੋੜ ਦਾ ਮੁਲਾਂਕਣ ਕਰਨਾ ਸ਼ਾਮਲ ਹੋਵੇਗਾ। (ਪੜਾ 1)

**ਨੰਬਰ 62 ਸ਼ਿਕਾਇਤ ਲਈ ਇੱਕੋ ਫਾਰਮ।** ਇਮਪਲੀਮਿਨਟੇਸ਼ਨ ਟਾਸਕ ਫੋਰਸ ਇੱਕੋ ਇਕ ਫਾਰਮ ਬਣਾਏਗੀ, ਜੋ ਕਿ ਸਟੇਟ ਭਰ ਵਿਚ ਉਪਲਬਧ ਹੋਵੇਗਾ, ਜਿਸ ਉੱਪਰ ਬੋਲੀ ਤੱਕ ਪਹੁੰਚ ਪ੍ਰਦਾਨ ਕਰਨ ਬਾਰੇ, ਪ੍ਰਦਾਨ ਕਰਨ ਵਿਚ ਫੇਲ੍ਹ ਹੋਣ ਬਾਰੇ ਸ਼ਿਕਾਇਤ ਕੀਤੀ ਜਾ ਸਕੇਗੀ। ਇਹ ਫਾਰਮ ਵੱਧ ਤੋਂ ਵੱਧ ਸੌਖਾ, ਕਾਰਗਰ, ਅਤੇ ਵਰਤੋਂ ਕਰਨ ਵਾਲੇ ਲਈ ਸੌਖਾ ਹੋਣਾ ਚਾਹੀਦਾ ਹੈ। ਇਹ ਫਾਰਮ ਪੇਪਰ ਦੇ ਰੂਪ ਵਿਚ ਅਦਾਲਤ ਤੋਂ ਅਤੇ ਔਨਲਾਈਨ ਮਿਲ ਸਕੇਗਾ, ਅਤੇ ਇਹ ਔਨਲਾਈਨ ਮੁਕੰਮਲ ਕੀਤਾ ਜਾ ਸਕੇਗਾ ਜਾਂ ਪ੍ਰਿੰਟ ਕਰਨ ਲਈ ਡਾਊਨਲੋਡ ਕੀਤਾ ਜਾ ਸਕੇਗਾ ਅਤੇ ਲਿਖ ਕੇ ਭਰਿਆ ਜਾ ਸਕੇਗਾ। ਸ਼ਿਕਾਇਤਾਂ ਸਥਾਨਕ ਜਾਂ ਸਟੇਟ ਪੱਧਰ ’ਤੇ ਬੋਲੀ ਤੱਕ ਪਹੁੰਚ ਨਾਲ ਸੰਬੰਧਿਤ ਸਰੋਕਾਰਾਂ ’ਤੇ ਨਿਗਰਾਨੀ ਰੱਖਣ ਲਈ ਇਕ ਤਰੀਕੇ ਦੇ ਤੌਰ ’ਤੇ ਵੀ ਕੰਮ ਕਰਨਗੀਆਂ। ਇਹ ਫਾਰਮ ਇਸ ਪਲੈਨ ਦੀਆਂ ਅੱਗੇ ਦਿੱਤੀਆਂ ਸ਼ਿਫਾਰਸਾਂ ਵਿਚ ਪਛਾਣੇ ਗਏ ਬਹੁਭਾਂਤੀ ਕਾਰਜਾਂ ਦੇ ਹਿੱਸੇ ਵਜੋਂ ਵੀ ਵਰਤਿਆ ਜਾਣਾ ਚਾਹੀਦਾ ਹੈ। (ਪੜਾ 1)

**ਨੰਬਰ 63 ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੇ ਸਬੰਧ ਵਿਚ ਸਥਾਨਕ ਪੱਧਰ ’ਤੇ ਸ਼ਿਕਾਇਤਾਂ।** ਨਿੱਜੀ ਅਦਾਲਤਾਂ ਇਕ ਤਰੀਕਾ ਤਿਆਰ ਕਰਨਗੀਆਂ ਜਿਸ ਨਾਲ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ, ਉਨ੍ਹਾਂ ਦੇ ਵਕੀਲ ਅਤੇ ਅਟਾਰਨੀ, ਜਾਂ ਦਿਲਚਸਪੀ ਰੱਖਦੇ ਹੋਰ ਵਿਅਕਤੀ ਢੁਕਵੀਂ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਪ੍ਰਦਾਨ ਕਰਨ ਬਾਰੇ, ਜਾਂ ਪ੍ਰਦਾਨ ਕਰਨ ਵਿਚ

ਫੇਲ੍ਹ ਹੋਣ ਬਾਰੇ ਸ਼ਿਕਾਇਤ ਦਰਜ ਕਰਵਾ ਸਕਦੇ ਹਨ, ਜਿਸ ਵਿਚ ਸਥਾਨਕ ਤੌਰ ’ਤੇ ਤਿਆਰ ਕੀਤੇ ਗਏ ਅਨੁਵਾਦਾਂ ਨਾਲ ਸੰਬੰਧਿਤ ਮਸਲਿਆਂ ਬਾਰੇ ਸ਼ਿਕਾਇਤ ਕਰਨਾ ਵੀ ਸ਼ਾਮਲ ਹੋਵੇਗਾ। ਸਥਾਨਕ ਅਦਾਲਤਾਂ ਆਪਣੇ ਸਥਾਨਕ ਤਰੀਕਿਆਂ ਦੇ ਮਾਡਲ, ਲਾਗੂ ਕਰਨ ਦੇ ਕਾਰਜ ਦੇ ਹਿੱਸੇ ਵਲੋਂ ਤਿਆਰ ਕੀਤੇ ਜਾਣ ਵਾਲੇ ਮਾਡਲ ਅਨੁਸਾਰ ਤਿਆਰ ਕਰਨ ਦੀ ਚੋਣ ਕਰ ਸਕਦੀਆਂ ਹਨ। ਸ਼ਿਕਾਇਤਾਂ ਸੰਬੰਧਿਤ ਅਦਾਲਤ ਵਿਚ ਦਰਜ ਕਰਵਾਉਣਾ ਅਤੇ ਇਸ ਦੀ ਰਿਪੋਰਟ ਜੂਡੀਸ਼ੀਅਲ ਕੌਂਸਲ ਨੂੰ ਕਰਨਾ ਜ਼ਰੂਰੀ ਹੈ ਤਾਂ ਜੋ ਬੋਲੀ ਤੱਕ ਪਹੁੰਚ ਦੀ ਪਲੈਨ ਦੀ ਸਮੁੱਚੀ ਤਾਮੀਲ ਅਤੇ ਕਾਮਯਾਬੀ ’ਤੇ ਲਗਾਤਾਰ ਨਿਗਰਾਨੀ ਰੱਖਣ ਵਿਚ ਮਦਦ ਕੀਤੀ ਜਾ ਸਕੇ। (ਪੜਾ 1)

**ਨੰਬਰ 66 ਬੋਲੀ ਤੱਕ ਪਹੁੰਚ ਦੇ ਵਸੀਲਿਆਂ ਦਾ ਸਟੇਟ ਪੱਧਰ ’ਤੇ ਭੰਡਾਰ।** ਜੂਡੀਸ਼ੀਅਲ ਕੌਂਸਲ ਨੂੰ ਸਟੇਟ ਪੱਧਰ ’ਤੇ ਪਹਿਲਾਂ ਹੀ ਮੌਜੂਦ ਜਾਂ ਵਿਕਸਤ ਕੀਤੇ ਜਾਣ ਵਾਲੇ ਬੋਲੀ ਤੱਕ ਪਹੁੰਚ ਦੇ ਵਸੀਲਿਆਂ ਦਾ ਭੰਡਾਰ ਕਾਇਮ ਕਰਨਾ ਚਾਹੀਦਾ ਹੈ, ਜਿਨ੍ਹਾਂ ਵਿੱਚ ਅਨੁਵਾਦ ਹੋਈ ਸਾਮੱਗਰੀ, ਆਡੀਓਵਿਜ਼ੂਅਲ ਸਾਧਨ, ਅਤੇ ਇਸ ਪਲੈਨ ਵਿਚ ਪਛਾਣੀ ਗਈ ਹੋਰ ਸਾਮੱਗਰੀ ਸ਼ਾਮਲ ਹੈ ਤਾਂ ਜੋ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਵਧਾਉਣ ਦੇ ਅਦਾਲਤਾਂ ਦੇ ਯਤਨਾਂ ਵਿਚ ਮਦਦ ਕੀਤੀ ਜਾ ਸਕੇ। (ਪੜਾ 1)

**ਨੰਬਰ 67 ਕੈਲੇਫੋਰਨੀਆ ਕੋਰਟਸ ਔਫ ਅਪੀਲ ਅਤੇ ਕੈਲੇਫੋਰਨੀਆ ਸੁਪਰੀਮ ਕੋਰਟ ਵਲੋਂ ਪਲੈਨ ਨੂੰ ਅਪਣਾਉਣਾ।** ਕੈਲੇਫੋਰਨੀਆ ਕੋਰਟਸ ਔਫ ਅਪੀਲ ਅਤੇ ਕੈਲੇਫੋਰਨੀਆ ਸੁਪਰੀਮ ਕੋਰਟ ਨੂੰ ਬੋਲੀ ਤੱਕ ਪਹੁੰਚ ਦੀ ਇਸ ਪਲੈਨ ਦੇ ਲਾਗੂ ਹੋਣ ਵਾਲੇ ਹਿੱਸਿਆਂ ਬਾਰੇ ਵਿਚਾਰ ਕਰਨੀ ਚਾਹੀਦੀ ਹੈ ਅਤੇ ਲੋੜੀਂਦੀਆਂ ਸੋਧਾਂ ਨਾਲ ਅਪਣਾਉਣਾ ਚਾਹੀਦਾ ਹੈ। (ਪੜਾ 1)

**ਨੰਬਰ 69 ਚੰਗੇ ਕਾਰਨ ਲਈ ਤਰੀਕੇ ਅਤੇ ਗਾਈਡਲਾਈਨਾਂ।** ਸਿਵਲ ਕੇਸਾਂ ਵਿਚ ਗੈਰ-ਯੋਗਤਾ ਪ੍ਰਾਪਤ ਦੋਭਾਸ਼ੀਆਂ ਨੂੰ ਨਿਯੁਕਤ ਕਰਨ ਦੇ “ਚੰਗੇ ਕਾਰਨ” ਦਾ ਫੈਸਲਾ ਕਰਨ ਲਈ ਜੂਡੀਸ਼ੀਅਲ ਕੌਂਸਲ ਨੂੰ ਤਰੀਕੇ ਅਤੇ ਗਾਈਡਲਾਈਨਾਂ ਸਥਾਪਤ ਕਰਨੀਆਂ ਚਾਹੀਦੀਆਂ ਹਨ। (ਪੜਾ 1)

**ਨੰਬਰ 70 ਸਿਵਲ ਕੇਸਾਂ ਵਿਚ ਦੋਭਾਸ਼ੀਆਂ ਦੀ ਨਿਯੁਕਤੀ ਲਈ ਅਦਾਲਤ ਦੇ ਨਿਯਮਾਂ ਵਿਚ ਸੋਧ ਕਰਨਾ।** ਜੂਡੀਸ਼ੀਅਲ ਕੌਂਸਲ ਨੂੰ ਸਿਵਲ ਕੇਸਾਂ ਵਿਚ ਗੈਰ-ਯੋਗਤਾ ਪ੍ਰਾਪਤ ਦੋਭਾਸ਼ੀਆਂ ਨੂੰ ਨਿਯੁਕਤ ਕਰਨ ਲਈ ਰੂਲ ਔਫ ਕੋਰਟ 2.893 ਵਿਚ ਸੋਧ ਕਰਨੀ ਚਾਹੀਦੀ ਹੈ। (ਪੜਾ 1)

**ਨੰਬਰ 75 ਦੋਭਾਸ਼ੀਆ ਨਾ ਲੈਣ ਦੇ ਸਬੰਧ ਵਿਚ ਪਾਲਸੀ।** ਇਮਪਲੀਮਿਨਟੇਸ਼ਨ ਟਾਸਕ ਫੋਰਸ ਇਕ ਪਾਲਸੀ ਤਿਆਰ ਕਰੇਗੀ ਜਿਹੜੀ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਵਲੋਂ ਦੋਭਾਸ਼ੀਏ ਦੀਆਂ ਸੇਵਾਵਾਂ ਨਾ ਲੈਣ (ਵੇਵਰ) ਦੀ ਬੇਨਤੀ ਬਾਰੇ ਹੋਵੇਗੀ। ਪਾਲਸੀ ਇਹ ਪੱਕਾ ਕਰਨ ਲਈ ਮਿਆਰਾਂ ਦੀ ਪਛਾਣ ਕਰੇਗੀ ਕਿ ਵੇਵਰ ਜਾਣਦੇ ਹੋਏ, ਸਮਝਦਾਰੀ ਨਾਲ ਅਤੇ ਮਰਜ਼ੀ ਨਾਲ ਦਿੱਤਾ ਜਾ ਰਿਹਾ ਹੈ; ਅਤੇ ਇਹ ਉਸ ਵਿਅਕਤੀ ਨੇ ਵਕੀਲ ਨਾਲ ਸਲਾਹ ਕਰਨ ਤੋਂ ਬਾਅਦ ਦਿੱਤਾ ਹੈ; ਅਤੇ ਢੁਕਵੇਂ ਜੂਡੀਸ਼ੀਅਲ ਅਫਸਰ ਵਲੋਂ ਉਸ ਦੀ ਮਰਜ਼ੀ ਮੁਤਾਬਕ ਮਨਜ਼ੂਰ ਕੀਤਾ ਗਿਆ ਹੈ। ਪਾਲਸੀ ਇਹ ਪੱਕਾ ਕਰਨ ਲਈ ਕਿ ਵੇਵਰ ਢੁਕਵਾਂ ਹੋਵੇ ਕਈ ਹੋਰ ਲੋੜੀਂਦੇ ਪੱਖ ਵੀ ਵਿਚਾਰੇਗੀ, ਜਿਨ੍ਹਾਂ ਵਿਚ ਸ਼ਾਮਲ ਹਨ: ਇਸ ਗੱਲ ਦਾ ਫੈਸਲਾ ਕਰਨਾ ਕਿ ਕੀ ਇਹ ਯਕੀਨੀ ਬਣਾਉਣ ਲਈ ਦੋਭਾਸ਼ੀਏ ਦੀ ਲੋੜ ਹੈ ਕਿ ਵੇਵਰ ਜਾਣਦੇ ਹੋਏ ਦਿੱਤਾ ਗਿਆ ਹੈ; ਇਹ ਪੱਕਾ ਕਰਨਾ ਕਿ ਵੇਵਰ ਰਿਕਾਰਡ ਵਿਚ ਦਰਜ ਹੋਵੇ, ਜਾਂ ਲਿਖਤੀ ਰੂਪ ਵਿਚ ਹੋਵੇ ਜੇ ਕਾਰਵਾਈਆਂ ਦਾ ਕੋਈ ਅਧਿਕਾਰਤ ਰਿਕਾਰਡ ਨਹੀਂ ਹੈ; ਅਤੇ ਇਹ ਪੱਕਾ ਕਰਨਾ ਕਿ ਕੋਈ ਵੀ ਧਿਰ ਕਿਸੇ ਵੀ ਵੇਲੇ ਦੋਭਾਸ਼ੀਏ ਦੀ ਮੰਗ ਕਰ ਸਕਦੀ ਹੈ, ਜਾਂ ਅਦਾਲਤ ਆਪਣੇ ਆਪ ਵੇਵਰ ਨੂੰ ਖਤਮ ਕਰਨ ਦਾ ਹੁਕਮ ਦੇ ਸਕਦੀ ਹੈ ਅਤੇ ਬਾਕੀ ਅਗਲੀਆਂ ਸਾਰੀਆਂ ਕਾਰਵਾਈਆਂ ਲਈ ਦੋਭਾਸ਼ੀਆ ਨਿਯੁਕਤ ਕਰ ਸਕਦੀ ਹੈ। ਪਾਲਸੀ ਵਿਚ ਇਹ ਧਾਰਨਾ ਸਪਸ਼ਟ ਹੋਣੀ ਚਾਹੀਦੀ ਹੈ ਕਿ ਅਜਿਹੇ ਕੇਸ ਬਹੁਤ ਘੱਟ ਹੋਣਗੇ ਜਿਨ੍ਹਾਂ ਵਿਚ ਵੇਵਰ ਦੀ ਵਰਤੋਂ ਮੁਫਤ ਦੋਭਾਸ਼ੀਏ ਤੱਕ ਪਹੁੰਚ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੋਵੇ ਅਤੇ ਇਮਪਲੀਮਿਨਟੇਸ਼ਨ ਟਾਸਕ ਫੋਰਸ, ਪਾਲਸੀ ਵਿਚ ਲੋੜੀਂਦੀਆਂ ਤਬਦੀਲੀਆਂ ਦੀ ਪਛਾਣ ਕਰਨ ਵਿਚ ਮਦਦ ਕਰਨ ਲਈ ਵੇਵਰ ਦੀ ਵਰਤੋਂ ਦੀ ਪੈੜ ਰੱਖੇਗੀ। (ਪੜਾ 1)

**ਪੜਾ 2: ਇਹ ਸਿਫਾਰਸ਼ਾਂ ਮਹੱਤਵਪੂਰਨ ਹਨ, ਪਰ ਘੱਟ ਲਾਜ਼ਮੀ ਹਨ ਜਾਂ ਇਨ੍ਹਾਂ ਲਈ ਪੜਾ 1 ਦੇ ਕੰਮ ਪੂਰੇ ਕਰਨ ਦੀ ਲੋੜ ਹੋ ਸਕਦੀ ਹੈ। ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਫੌਰਨ ਸ਼ੁਰੂ ਹੋ ਸਕਦਾ ਹੈ, ਜਿੱਥੇ ਅਜਿਹਾ ਹੋ ਸਕਦਾ ਹੋਵੇ, ਅਤੇ ਕਿਸੇ ਵੀ ਹਾਲਤ ਵਿਚ 2–3 ਸਾਲਾਂ (2016–2017) ਵਿਚ ਸ਼ੁਰੂ ਹੋਣਾ ਜ਼ਰੂਰੀ ਹੈ।**

**ਨੰਬਰ 2 ਬੋਲੀ ਦੀਆਂ ਸੇਵਾਵਾਂ ਲਈ ਬੇਨਤੀਆਂ।** ਅਦਾਲਤ ਵਲੋਂ ਬੋਲੀ ਦੀਆਂ ਸੇਵਾਵਾਂ ਦੀ ਪ੍ਰਦਾਨਗੀ ਜਾਂ ਨਾਂਹ ਦੀ ਅਦਾਲਤ ਦੇ ਕੇਸ ਇਨਫਰਮੇਸ਼ਨ ਸਿਸਟਮ ਵਿਚ ਅਦਾਲਤ ਦੀਆਂ ਸਮਰੱਥਾਵਾਂ ਅਨੁਸਾਰ ਢੁਕਵੀਂ ਪੈੜ ਰੱਖੀ ਜਾਣੀ ਜ਼ਰੂਰੀ ਹੈ। ਜਿੱਥੇ ਮੌਜੂਦਾ ਪ੍ਰਦਾਨਗੀ ਜਾਂ ਨਾਂਹ ਦੀ ਪੈੜ ਰੱਖਣਾ ਸੰਭਵ ਨਾ ਹੋਵੇ ਤਾਂ ਜਿੰਨਾ ਵੀ ਛੇਤੀ ਸੰਭਵ ਹੋ ਸਕੇ, ਅਦਾਲਤਾਂ ਲਈ ਢੁਕਵੇਂ ਅੰਕੜੇ ਇਕੱਠੇ ਕਰਨ ਲਈ ਆਪਣੇ ਸਿਸਟਮਾਂ ਵਿਚ ਸੋਧ ਕਰਨ ਜਾਂ ਆਪਣੇ ਸਿਸਟਮਾਂ ਨੂੰ ਅਪਡੇਟ ਕਰਨ ਦੇ ਵਾਜਬ ਯਤਨ ਕਰਨੇ ਜ਼ਰੂਰੀ ਹਨ। (ਪੜਾ 1, 2)

**ਨੰਬਰ 7 ਯੂ.ਐੱਸ. ਮਰਦਮਸ਼ੁਮਾਰੀ ਤੋਂ ਅਗਾਂਹ ਹੋਰ ਅੰਕੜਿਆਂ ਦਾ ਰਿਵੀਊ।** ਅਦਾਲਤ ਦੀ ਵਰਤੋਂ ਕਰਨ ਵਾਲੇ ਸੰਭਾਵੀ ਐੱਲ ਈ ਪੀ ਦੀ ਗਿਣਤੀ ਅਤੇ ਬੋਲੀਆਂ ਦਾ ਅਨੁਮਾਨ ਲਾਉਣ ਲਈ ਜੂਡੀਸ਼ੀਅਲ ਕੌਂਸਲ ਅਤੇ ਅਦਾਲਤਾਂ ਨੂੰ ਅੰਕੜੇ ਇਕੱਠੇ ਕਰਨੇ ਚਾਹੀਦੇ ਹਨ। ਇਨ੍ਹਾਂ ਮੰਤਵਾਂ ਲਈ ਅੰਕੜੇ ਇਕੱਠੇ ਕਰਨ ਸਮੇਤ, ਅੰਕੜੇ ਇਕੱਠੇ ਕਰਨ ਵੇਲੇ ਅਦਾਲਤਾਂ ਅਤੇ ਜੂਡੀਸ਼ੀਅਲ ਕੌਂਸਲ ਨੂੰ ਯੂ.ਐੱਸ. ਮਰਦਮਸ਼ੁਮਾਰੀ ਤੋਂ ਅਗਾਂਹ ਹੋਰ ਅੰਕੜਿਆਂ ਦੇ ਸ੍ਰੋਤਾਂ ਵੱਲ ਦੇਖਣਾ ਚਾਹੀਦਾ ਹੈ, ਜਿਵੇਂ ਕਿ ਸਕੂਲ ਸਿਸਟਮ, ਸਿਹਤ ਵਿਭਾਗ, ਕਾਊਂਟੀ ਦੀਆਂ ਸਮਾਜਿਕ ਸੇਵਾਵਾਂ, ਅਤੇ ਸਥਾਨਕ ਕਮਿਉਨਟੀ ਆਧਾਰਿਤ ਏਜੰਸੀਆਂ। (ਪੜਾ 2)

**ਨੰਬਰ 8 ਸਾਰੇ ਸਿਵਲ ਕੇਸਾਂ ਵਿਚ ਅਦਾਲਤੀ ਦੋਭਾਸ਼ੀਆਂ ਦਾ ਪਸਾਰ।** ਕੈਲੇਫੋਰਨੀਆਂ ਦੀਆਂ ਅਦਾਲਤਾਂ ਵਿਚ ਅਦਾਲਤ ਦੀਆਂ ਸਾਰੀਆਂ ਕਾਰਵਾਈਆਂ ਵਿਚ, ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਯੋਗਤਾ-ਪ੍ਰਾਪਤ ਦੋਭਾਸ਼ੀਏ ਜ਼ਰੂਰ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ, ਸਿਵਲ ਕੇਸਾਂ ਸਮੇਤ ਜਿਵੇਂ ਕਿ ਐਵੀਡੈਂਸ ਕੋਡ ਸੈਕਸ਼ਨ 756 (ਅੰਤਿਕਾ ਐੱਚ ਦੇਖੋ) ਵਿਚ ਤਰਜੀਹ ਦਿੱਤੀ ਗਈ ਹੈ ਅਤੇ ਫੈਮਿਲੀ ਕੋਰਟ ਸਰਵਿਸਿਜ਼ ਮੀਡੀਏਸ਼ਨ ਵਿਚ। (ਪੜਾ 1 ਅਤੇ 2)

**ਨੰਬਰ 9 ਆਰਜ਼ੀ ਯੋਗਤਾ ਦੀਆਂ ਸ਼ਰਤਾਂ।** ਕੈਲੇਫੋਰਨੀਆ ਰੂਲਜ਼ ਔਫ ਕੋਰਟ ਦੇ ਸੋਧ ਲਈ ਵਿਚਾਰ ਅਧੀਨ ਰੂਲ 2.893 ਅਨੁਸਾਰ ਜਦੋਂ ਚੰਗਾ ਕਾਰਨ ਮੌਜੂਦ ਹੋਵੇ, ਉਦੋਂ ਸਿਵਲ ਜਾਂ ਕ੍ਰਿਮੀਨਲ, ਕਿਸੇ ਵੀ ਕੇਸ ਵਿਚ ਅਦਾਲਤ ਦੀ ਕਾਰਵਾਈ ਵਿਚ ਕੋਈ ਗੈਰ-ਸਰਟੀਫਾਈਡ ਜਾਂ ਗੈਰ ਰਜਿਸਟਰਡ ਦੋਭਾਸ਼ੀਆ ਤਾਂ ਹੀ ਨਿਯੁਕਤ ਕੀਤਾ ਜਾ ਸਕਦਾ ਹੈ ਜੇ ਉਸ ਬਾਰੇ ਫੈਸਲਾ ਕੀਤਾ ਜਾਵੇ ਕਿ ਉਹ ਆਰਜ਼ੀ ਯੋਗਤਾ ਦੇ ਤਰੀਕਿਆਂ ਅਨੁਸਾਰ ਯੋਗ ਹੈ। ਇਸ ਸਮੇਂ ਇਹ ਤਰੀਕੇ 2.893 ਵਿਚ ਕ੍ਰਿਮੀਨਲ ਅਤੇ ਨੌਜਵਾਨਾਂ ਦੇ ਅਪਰਾਧਾਂ ਦੇ ਕੇਸਾਂ ਲਈ ਤਹਿ ਹਨ (ਅਤੇ, ਸਿਵਲ ਕੇਸਾਂ ਲਈ ਉਦੋਂ ਮਿੱਥੇ ਜਾਣਗੇ ਜਦੋਂ ਅਦਾਲਤ ਦੇ ਮੌਜੂਦਾ ਨਿਯਮ ਵਿਚ ਸੋਧ ਕੀਤੀ ਜਾਵੇਗੀ)। (ਆਰਜ਼ੀ ਯੋਗਤਾ ਦੇ ਤਰੀਕਿਆਂ ਦੇ ਸਬੰਧ ਵਿਚ ਜੂਡੀਸ਼ੀਅਲ ਅਫਸਰਾਂ ਅਤੇ ਅਦਾਲਤ ਦੇ ਸਟਾਫ ਲਈ ਟਰੇਨਿੰਗ ਬਾਰੇ ਸ਼ਿਫਾਰਸ਼ 50 ਦੇਖੋ, ਅਤੇ ਸਿਵਲ ਕੇਸਾਂ ਨੂੰ ਸ਼ਾਮਲ ਕਰਨ ਲਈ ਰੂਲ 2.893 ਵਿਚ ਸੋਧ ਕਰਨ ਬਾਰੇ ਸਿਫਾਰਸ਼ 70 ਦੇਖੋ।) (ਪੜਾ 1 ਅਤੇ 2)

**ਨੰਬਰ 10 ਅਦਾਲਤ ਵਲੋਂ ਆਰਡਰ ਕੀਤੀਆਂ ਜਾਣ ਵਾਲੀਆਂ/ਅਦਾਲਤ ਵਲੋਂ ਚਲਾਈਆਂ ਜਾਣ ਵਾਲੀਆਂ ਸਾਰੀਆਂ ਕਾਰਵਾਈਆਂ ਲਈ ਯੋਗਤਾ-ਪ੍ਰਾਪਤ ਦੋਭਾਸ਼ੀਆਂ ਦੀ ਪ੍ਰਦਾਨਗੀ।** ਫੌਰਨ ਸ਼ੁਰੂ ਕਰਦੇ ਹੋਏ, ਜਿਵੇਂ ਵਸੀਲੇ ਉਪਲਬਧ ਹੋਣ, ਪਰ ਕਿਸੇ ਵੀ ਕੇਸ ਵਿਚ 2020 ਤੋਂ ਪਹਿਲਾਂ ਪਹਿਲਾਂ ਅਦਾਲਤਾਂ, ਸਾਰੇ ਐੱਲ ਈ ਪੀ ਮਕੁੱਦਮੇਬਾਜ਼ਾਂ, ਗਵਾਹਾਂ ਅਤੇ ਕੇਸ ਵਿਚ ਮਹੱਤਵਪੂਰਨ ਦਿਲਚਸਪੀ ਰੱਖਦੇ ਵਿਅਕਤੀਆਂ ਲਈ, ਅਦਾਲਤ ਵਲੋਂ ਆਰਡਰ ਕੀਤੀਆਂ ਜਾਣ ਵਾਲੀਆਂ/ਅਦਾਲਤ ਵਲੋਂ ਚਲਾਈਆਂ ਜਾਣ ਵਾਲੀਆਂ ਸਾਰੀਆਂ ਕਾਰਵਾਈਆਂ, ਸੇਵਾਵਾਂ ਅਤੇ ਈਵੈਂਟਸ ਲਈ ਯੋਗਤਾਪ੍ਰਾਪਤ ਦੋਭਾਸ਼ੀਏ ਪ੍ਰਦਾਨ ਕਰਨਗੀਆਂ। (ਪੜਾ 1, 2 ਅਤੇ 3)

**ਨੰਬਰ 11 ਅਦਾਲਤੀ ਆਰਡਰ ਕਰਨ ਵੇਲੇ ਸਰਵਿਸ ਪ੍ਰਦਾਨ ਕਰਨ ਵਾਲਿਆਂ ਦੀ ਬੋਲੀ ਤੱਕ ਪਹੁੰਚਯੋਗਤਾ ’ਤੇ ਵਿਚਾਰ।** ਕਿਸੇ ਐੱਲ ਈ ਪੀ ਵਿਅਕਤੀ ਨੂੰ ਅਦਾਲਤ ਦੇ ਆਰਡਰ ਵਾਲੇ ਕਿਸੇ ਪ੍ਰੋਗਰਾਮ ਵਿਚ ਹਿੱਸਾ ਲੈਣ ਦਾ ਆਰਡਰ ਨਹੀਂ ਕੀਤਾ ਜਾਣਾ ਚਾਹੀਦਾ ਜੇ ਉਹ ਪ੍ਰੋਗਰਾਮ ਢੁਕਵੀਂ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਨਹੀਂ ਪ੍ਰਦਾਨ ਕਰਦਾ। ਜੇ ਪ੍ਰੋਗਰਾਮ ਦੀ ਬੋਲੀ ਤੱਕ ਪਹੁੰਚ ਦੀ ਘਾਟ ਕਾਰਨ ਜੁਡੀਸ਼ੀਅਲ ਅਫਸਰ ਸੇਵਾਵਾਂ ਵਿਚ ਹਿੱਸਾ ਲੈਣ ਦਾ ਆਰਡਰ ਨਹੀਂ ਕਰਦਾ ਤਾਂ ਅਦਾਲਤ ਨੂੰ ਮੁਕੱਦਮੇਬਾਜ਼ ਨੂੰ ਕਿਸੇ ਢੁਕਵੇਂ ਬਦਲਵੇਂ ਪ੍ਰੋਗਰਾਮ ਵਿਚ ਹਿੱਸਾ ਲੈਣ ਦਾ ਆਰਡਰ ਕਰਨਾ ਚਾਹੀਦਾ ਹੈ ਜਿਹੜਾ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਲਈ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੋਵੇ। ਆਪਣੇ ਫੈਸਲੇ ਬਣਾਉਣ ਅਤੇ ਆਰਡਰ ਕਰਨ ਲਈ, ਅਦਾਲਤ ਨੂੰ ਇਹ ਪਤਾ ਲਾਉਣਾ ਚਾਹੀਦਾ ਹੈ ਕਿ ਕੀ ਪ੍ਰੋਗਰਾਮ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਅਦਾਲਤ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਅਦਾਲਤ ਦੀ ਵਰਤੋਂ ਕਰਨ ਵਾਲਾ ਐੱਲ ਈ ਪੀ ਸਮਰੱਥ ਹੈ। (ਪੜਾ 2)

**ਨੰਬਰ 17 ਦੂਰੋਂ ਦੋਭਾਸ਼ੀਆਂ ਦੇ ਕੇਂਦਰੀ ਪੂਲ ਲਈ ਪਾਈਲਟ ਪ੍ਰੋਜੈਕਟ।** ਕੈਲੇਫੋਰਨੀਆਂ ਦੇ ਬਹੁਤ ਹੁਨਰਮੰਦ ਸਰਟੀਫਾਈਡ ਅਤੇ ਰਜਿਸਟਰਸ਼ੁਦਾ ਦੋਭਾਸ਼ੀਆਂ ਦੀ ਵਰਤੋਂ ਅਤੇ ਉਪਲਬਧਤਾ ਨੂੰ ਵੱਧ ਤੋਂ ਵੱਧ ਕਰਨ ਲਈ, ਜੁਡੀਸ਼ੀਅਲ ਕੌਂਸਲ ਨੂੰ ਇਕ ਪਾਈਲਟ ਪ੍ਰੋਗਰਾਮ ਤਿਆਰ ਕਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ ਜਿਸ ਰਾਹੀਂ ਸਰਟੀਫਾਈਡ ਅਤੇ ਰਜਿਸਟਰਸ਼ੁਦਾ ਦੋਭਾਸ਼ੀਏ, ਸਾਰੀਆਂ ਅਦਾਲਤਾਂ ਲਈ ਥੋੜ੍ਹੇ ਜਿਹੇ ਨੋਟਿਸ ਦੇ ਆਧਾਰ ’ਤੇ ਦੂਰੋਂ ਅਨੁਵਾਦ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਉਪਲਬਧ ਹੋਣ। (ਪੜਾ 2)

**ਨੰਬਰ 20 ਰੀਜਨਲ ਕੋਆਰਡੀਨੇਸ਼ਨ ਸਿਸਟਮ ਦਾ ਪਸਾਰ।** ਸਟੇਟ ਭਰ ਵਿਚ ਅਦਾਲਤਾਂ ਵਿਚਕਾਰ ਅਦਾਲਤੀ ਕਾਰਵਾਈਆਂ ਅਤੇ ਕਰੌਸ-ਅਸਾਇਨਮੈਂਟਾਂ ਲਈ ਦੋਭਾਸ਼ੀਆਂ ਦੇ ਟਾਈਮ ਟੇਬਲ ਦੀ ਕਾਰਗਰਤਾ ਵਿਚ ਸੁਧਾਰ ਕਰਨ ਲਈ, ਜੁਡੀਸ਼ੀਅਲ ਕੌਂਸਲ ਨੂੰ ਮੌਜੂਦਾ ਰੀਜਨਲ ਕੋਆਰਡੀਨੇਸ਼ਨ ਸਿਸਟਮ (ਇਲਾਕਾਈ ਤਾਲਮੇਲ ਸਿਸਟਮ) ਨੂੰ ਵਧਾਉਣਾ ਚਾਹੀਦਾ ਹੈ। (ਸਿਫਾਰਸ਼ 30, ਗੈਰ-ਅਦਾਲਤੀ ਈਵੈਂਟਸ ਲਈ ਬਹੁਭਾਸ਼ਾਈ ਸਟਾਫ ਅਤੇ ਦੋਭਾਸ਼ੀਆਂ ਲਈ ਤਾਲਮੇਲ ਦਾ ਹੱਲ ਕਰਨਾ ਦੇਖੋ।) (ਪੜਾ 2)

**ਨੰਬਰ 21 ਅਦਾਲਤੀ ਦੋਭਾਸ਼ੀਆਂ ਦੀਆਂ ਤਰੀਕਾਂ ਮਿੱਥਣ ਅਤੇ ਤਾਲਮੇਲ ਕਰਨ ਲਈ ਤਰੀਕੇ।** ਦੋਭਾਸ਼ੀਆਂ ਨੂੰ ਜ਼ਿਆਦਾ ਕਾਰਗਰ ਅਤੇ ਅਸਰਦਾਰ ਤਰੀਕੇ ਨਾਲ ਵਰਤਣ ਲਈ ਅਦਾਲਤਾਂ ਨੂੰ ਤਰੀਕੇ ਵਿਕਸਤ ਕਰਨੇ ਜਾਰੀ ਰੱਖਣੇ ਚਾਹੀਦੇ ਹਨ, ਜਿਸ ਵਿਚ ਕੈਲੰਡਰ ਤਾਲਮੇਲ ਵੀ ਸ਼ਾਮਲ ਹੈ ਪਰ ਇਹ ਇਸ ਤੱਕ ਹੀ ਸੀਮਤ ਨਹੀਂ ਹੈ। ਅਦਾਲਤਾਂ ਨੂੰ ਇਹ ਸਿਸਟਮ ਇਸ ਤਰੀਕੇ ਨਾਲ ਤਿਆਰ ਕਰਨੇ ਚਾਹੀਦੇ ਹਨ ਕਿ ਇਸ ਦਾ ਅਦਾਲਤ ਦੇ ਐੱਲ ਈ ਪੀ ਵਰਤੋਂਕਾਰਾਂ ਵਲੋਂ ਅਦਾਲਤ ਤੱਕ ਪਹੁੰਚ ਕਰਨ ’ਤੇ ਮੱਠਾ ਕਰਨ ਵਾਲਾ ਅਸਰ ਨਾ ਪਵੇ। (ਪੜਾ 2)

**ਨੰਬਰ 24 ਬਹੁਭਾਸ਼ਾਈ ਸਟਾਫ ਦੀ ਨਿਯੁਕਤੀ।** ਬਹੁਤ ਜ਼ਰੂਰੀ ਹਾਲਤਾਂ ਤੋਂ ਬਿਨਾਂ, ਅਦਾਲਤਾਂ ਨੂੰ ਅਦਾਲਤ ਦੀਆਂ ਕਾਰਵਾਈਆਂ ਵਿਚ ਅਨੁਵਾਦ ਕਰਨ ਲਈ ਅਦਾਲਤ ਦੇ ਬਹੁਭਾਸ਼ਾਈ ਸਟਾਫ ਨੂੰ ਨਿਯੁਕਤ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ; ਜੇ ਅਦਾਲਤ ਸਟਾਫ ਨੂੰ ਨਿਯੁਕਤ ਕਰਦੀ ਹੈ ਤਾਂ ਉਸ ਸਟਾਫ ਲਈ ਯੋਗਤਾ-ਪ੍ਰਾਪਤੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਾ ਜ਼ਰੂਰੀ ਹੋਣਾ ਚਾਹੀਦਾ ਹੈ। (ਪੜਾ 2)

**ਨੰਬਰ 27 ਅਦਾਲਤੀ ਅਮਲੇ ਲਈ ਬੋਲੀ ਤੱਕ ਪਹੁੰਚ ਦੇ ਟੂਲਾਂ ਦੀ ਵਰਤੋਂ।** ਲੋਕਾਂ ਨਾਲ ਵਰਤਣ ਵਾਲੇ ਅਦਾਲਤ ਦੇ ਸਾਰੇ ਸਟਾਫ ਦੀ ਬੋਲੀ ਵਿਚ ਮਦਦ ਕਰਨ ਵਾਲੇ ਟੂਲਾਂ ਤੱਕ ਪਹੁੰਚ ਹੋਵੇਗੀ, ਜਿਵੇਂ ਕਿ ਅਨੁਵਾਦ ਹੋਈ ਸਾਮੱਗਰੀ ਅਤੇ ਵਸੀਲੇ, ਬਹੁ-ਭਾਸ਼ਾਈ ਸ਼ਬਦ ਸੰਗ੍ਰਿਹ ਅਤੇ “ਆਈ ਸਪੀਕ” ਕਾਰਡ ਤਾਂ ਜੋ ਅਦਾਲਤ ਦੀ ਵਰਤੋਂ ਕਰਨ ਵਾਲੇ ਦੀ ਮਾਤਰੀ ਜ਼ਬਾਨ ਦਾ ਪਤਾ ਲੱਗੇ, ਬੋਲੀ ਦੀਆਂ ਸੇਵਾਵਾਂ ਲਈ ਉਸ ਨੂੰ ਨਿਯਤ ਕੀਤੀ ਗਈ ਥਾਂ ’ਤੇ ਭੇਜਿਆ ਜਾ ਸਕੇ, ਅਤੇ/ਜਾਂ ਐੱਲ ਈ ਪੀ ਵਿਅਕਤੀ ਨੂੰ ਢੁਕਵੀਂ ਬੋਲੀ ਵਿਚ ਬਰੋਸ਼ਰ, ਹਿਦਾਇਤਾਂ, ਜਾਂ ਹੋਰ ਜਾਣਕਾਰੀ ਦਿੱਤੀ ਜਾ ਸਕੇ। (ਪੜਾ 2)

**ਨੰਬਰ 29 ਉਨ੍ਹਾਂ ਹਾਲਤਾਂ ਲਈ ਨਿਯਮਾਂ ਦੀ ਤਿਆਰੀ ਜਿੱਥੇ ਬਹੁਭਾਸ਼ਾਈ ਸਟਾਫ ਮੌਜੂਦ ਨਹੀਂ ਹੈ।** ਅਦਾਲਤਾਂ ਇਹ ਪੱਕਾ ਕਰਨ ਲਈ ਲਿਖਤੀ ਨਿਯਮ ਜਾਂ ਤਰੀਕੇ ਤਿਆਰ ਕਰਨਗੀਆਂ ਕਿ ਜਿੱਥੇ ਬਹੁਭਾਸ਼ਾਈ ਸਟਾਫ ਉਪਲਬਧ ਨਹੀਂ ਹੈ, ਉੱਥੇ ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਬੋਲੀ ਤੱਕ ਪਹੁੰਚ ਦੀਆਂ ਢੁਕਵੀਂਆਂ ਸੇਵਾਵਾਂ ਮਿਲਣ। ਉਦਾਹਰਣ ਲਈ, ਅਦਾਲਤ ਦਾ ਇੰਟਰਪਰੇਟਰ ਕੋਆਰਡੀਨੇਟਰ ਇਹ ਪਛਾਣ ਕਰਨ ਲਈ ਕਾਲ 'ਤੇ ਹੋਵੇਗਾ ਕਿ ਕਲਰਕ ਦੇ ਦਫਤਰ ਜਾਂ ਸੈਲਫ-ਹੈਲਪ ਸੈਂਟਰ ਵਿਚ ਸੇਵਾਵਾਂ ਦੇਣ ਲਈ ਕਿਹੜੇ ਦੋਭਾਸ਼ੀਏ ਜਾਂ ਸਟਾਫ ਉਪਲਬਧ ਅਤੇ ਢੁਕਵੇਂ ਹਨ। ਇਸ ਦੇ ਇਲਾਵਾ, ਰੀਮੋਟ ਟੈਕਨੋਲੋਜੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਵੇਂ ਕਿ ਕਿਸੇ ਹੋਰ ਥਾਂ 'ਤੇ ਬਹੁਭਾਸ਼ਾਈ ਸਟਾਫ ਨਾਲ ਟੈਲੀਫੋਨ 'ਤੇ ਪਹੁੰਚ ਜਾਂ ਦੂਰੋਂ ਦੋਭਾਸ਼ੀਏ ਦੀਆਂ ਸੇਵਾਵਾਂ ਲੈਣਾ। (ਪੜਾ 2)

**ਨੰਬਰ 30 ਅਜਿਹੀਆਂ ਪਾਲਸੀਆਂ ਜਿਹੜੀਆਂ ਬਹੁਭਾਸ਼ਾਈ ਸਟਾਫ ਅਤੇ ਦੋਭਾਸ਼ੀਆਂ ਨੂੰ ਅਦਾਲਤਾਂ ਵਿਚਕਾਰ ਸਾਂਝੇ ਕਰਨ ਨੂੰ ਉਤਸ਼ਾਹ ਦੇਣ।** ਜੂਡੀਸ਼ੀਅਲ ਕੌਂਸਲ ਨੂੰ ਅਜਿਹੀਆਂ ਪਾਲਸੀਆਂ ਅਪਣਾਉਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ ਜਿਹੜੀਆਂ ਅਦਾਲਤ ਦੀਆਂ ਕਾਰਵਾਈਆਂ ਤੋਂ ਬਾਹਰ ਬੋਲੀ ਵਿਚ ਮਦਦ ਲਈ, ਰੀਮੋਟ ਟੈਕਨੋਲੋਜੀਆਂ ਦੀ ਵਰਤੋਂ ਕਰਦੇ ਹੋਏ ਬਹੁਭਾਸ਼ਾਈ ਸਟਾਫ ਅਤੇ ਸਰਟੀਫਾਈਡ ਅਤੇ ਰਜਿਸਟਰਸ਼ੁਦਾ ਕੋਰਟ ਦੋਭਾਸ਼ੀਆਂ ਨੂੰ ਅਦਾਲਤਾਂ ਵਿਚਕਾਰ ਸਾਂਝੇ ਕਰਨ ਲਈ ਉਤਸ਼ਾਹ ਦੇਣ। (ਪੜਾ 2)

**ਨੰਬਰ 31 ਕਾਊਂਟਰਾਂ 'ਤੇ ਅਤੇ ਸੈਲਫ-ਹੈਲਪ ਸੈਂਟਰਾਂ ਵਿਚ ਦੂਰੋਂ ਮਦਦ ਲਈ ਪਾਈਲਟ ਪ੍ਰੋਜੈਕਟ।** ਅਦਾਲਤਾਂ ਅਤੇ ਜੂਡੀਸ਼ੀਅਲ ਕੌਂਸਲ ਨੂੰ ਕਾਊਂਟਰਾਂ 'ਤੇ ਅਤੇ ਸੈਲਫ-ਹੈਲਪ ਸੈਂਟਰਾਂ 'ਤੇ ਮਦਦ ਲਈ ਦੂਰੋਂ ਦੋਭਾਸ਼ੀਏ ਦੀਆਂ ਸੇਵਾਵਾਂ ਦੀ ਵਰਤੋਂ ਲਈ ਇਕ ਪਾਈਲਟ ਪ੍ਰੋਜੈਕਟ ਲਾਗੂ ਕਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ, ਜਿਸ ਵਿਚ ਵੱਖ ਵੱਖ ਹੱਲ ਸ਼ਾਮਲ ਕਰਨੇ ਚਾਹੀਦੇ ਹਨ, ਸਮੇਤ ਅਦਾਲਤ ਦੇ ਖਰਚੇ ਨਾਲ ਦਿੱਤੇ ਜਾਣ ਵਾਲੇ ਕਲਾਊਡ-ਬੇਸਡ ਫੀ-ਫਾਰ-ਸਰਵਿਸ ਮਾਡਲ ਜਾਂ ਅਦਾਲਤ/ਕੇਂਦਰਿਤ ਬਹੁਭਾਸ਼ਾਈ ਪੇਸ਼ਾਵਰਾਂ ਦਾ ਬੈਂਕ। (ਪੜਾ 2)

**ਨੰਬਰ 32 ਵਰਕਸ਼ਾਪਾਂ ਲਈ ਦੂਰੋਂ ਮਦਦ ਲਈ ਪਾਈਲਟ ਪ੍ਰੋਜੈਕਟ।** ਅਦਾਲਤਾਂ ਨੂੰ, ਵੱਖ ਵੱਖ ਸਾਜ਼-ਸਾਮਾਨ ਦੀ ਵਰਤੋਂ ਨਾਲ, ਜਿਸ ਵਿਚ ਟੈਲੀਫੋਨ, ਵੀਡੀਓ-ਕਾਨਫਰੰਸਿੰਗ (ਵੈੱਬਐਕਸ, ਸਕਾਈਪ), ਜਾਂ ਹੋਰ ਟੈਕਨੋਲੋਜੀਆਂ ਸ਼ਾਮਲ ਹਨ, ਗੈਰ-ਅੰਗਰੇਜ਼ੀ ਬੋਲੀਆਂ ਵਿਚ ਇੰਟਰ-ਕੋਰਟ, ਵਰਕਸ਼ਾਪਾਂ ਵਿਚ ਦੂਰੋਂ ਹਾਜ਼ਰੀ, ਟਰੇਨਿੰਗਾਂ, "ਜਾਣਕਾਰੀ ਰਾਤਾਂ" ਲਾਉਣ ਲਈ ਪਾਈਲਟ ਪ੍ਰੋਜੈਕਟ ਬਾਰੇ ਵਿਚਾਰ ਕਰਨੀ ਚਾਹੀਦੀ ਹੈ।(ਪੜਾ 2)

**ਨੰਬਰ 33 ਅਦਾਲਤ ਵਲੋਂ ਨਿਯੁਕਤ ਪੇਸ਼ਾਵਰਾਂ ਦੀਆਂ ਯੋਗਤਾਵਾਂ।** ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਦੇ ਮਾਮਲਿਆਂ ਵਿਚ, ਅਦਾਲਤ ਦੀ ਵਰਤੋਂ ਕਰਨ ਵਾਲੇ ਕਿਸੇ ਐੱਲ ਈ ਪੀ ਨੂੰ ਪੇਸ਼ਾਵਰ ਲੋਕਾਂ ਦੀਆਂ ਸੇਵਾਵਾਂ ਲੈਣ ਦਾ ਆਰਡਰ ਕਰਨ ਜਾਂ ਪੇਸ਼ਾਵਰ ਲੋਕਾਂ ਕੋਲ ਭੇਜਣ ਤੋਂ ਪਹਿਲਾਂ ਅਦਾਲਤਾਂ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਅਦਾਲਤ ਵਲੋਂ ਨਿਯੁਕਤ ਕੀਤੇ ਜਾਣ ਵਾਲੇ ਪੇਸ਼ਾਵਰ (ਪ੍ਰੋਫੈਸ਼ਨਲ) ਜਿਵੇਂ ਕਿ ਸਾਇਕੌਲੌਜਿਸਟ, ਮੀਡੀਏਟਰ, ਅਤੇ ਗਾਰਡੀਅਨ, ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਨੂੰ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਪ੍ਰਦਾਨ ਕਰ ਸਕਦੇ ਹਨ ਜਾਂ ਨਹੀਂ। ਜਿੱਥੇ ਬੋਲੀ ਦੀ ਕੋਈ ਅਜਿਹੀ ਸਮਰੱਥਾ ਮੌਜੂਦ ਨਹੀਂ ਹੈ, ਅਦਾਲਤਾਂ ਨੂੰ ਅਜਿਹੀਆਂ ਸੇਵਾਵਾਂ ਦੇਣ ਵਾਲਿਆਂ ਦੀ ਪਛਾਣ ਕਰਨ ਜਾਂ ਉਨ੍ਹਾਂ ਨਾਲ ਠੇਕੇ ਕਰਨ ਲਈ ਵਾਜਬ ਯਤਨ ਕਰਨੇ ਚਾਹੀਦੇ ਹਨ ਜਿਹੜੇ ਬਹੁਭਾਸ਼ਾਈ ਪੇਸ਼ਾਵਰਾਂ ਦੇ ਤੌਰ 'ਤੇ ਦੂਜੀ ਬੋਲੀ ਵਿਚ ਸਿੱਧੇ ਜਾਂ ਯੋਗਤਾ-ਪ੍ਰਾਪਤ ਦੋਭਾਸ਼ੀਆਂ ਰਾਹੀਂ ਅਜਿਹੀਆਂ ਸੇਵਾਵਾਂ ਦੇਣ ਦੇ ਯੋਗ ਹਨ। (ਪੜਾ 2)

**ਨੰਬਰ 39 ਅਦਾਲਤਾਂ ਵਿਚ ਸਾਈਨ।** ਜੂਡੀਸ਼ੀਅਲ ਕੌਂਸਲ ਦੇ ਸਟਾਫ ਨੂੰ ਅਦਾਲਤ ਵਿਚ ਵਰਤੇ ਜਾਣ ਦੀ ਸੰਭਾਵਨਾ ਵਾਲੇ ਬਹੁਤ ਆਮ ਅਤੇ ਢੁਕਵੇਂ ਸਾਈਨਾਂ ਦੇ ਸੌਖੀ ਜ਼ਬਾਨ ਵਿਚ ਅਨੁਵਾਦ ਪ੍ਰਦਾਨ ਕਰਕੇ ਅਦਾਲਤਾਂ ਦੀ ਮਦਦ ਕਰਨੀ ਚਾਹੀਦੀ ਹੈ, ਅਤੇ ਅੰਤਰਰਾਸ਼ਟਰੀ ਤੌਰ 'ਤੇ ਪ੍ਰਵਾਨਿਤ ਸਾਈਨਾਂ, ਨਿਸ਼ਾਨਾਂ, ਅਤੇ ਡਿਸਪਲੇਅਜ਼ ਦੀ ਵਰਤੋਂ ਬਾਰੇ ਸੇਧ ਦੇਣੀ ਚਾਹੀਦੀ ਹੈ ਤਾਂ ਜੋ ਲਿਖਤ ਦੀ ਲੋੜ ਅਤੇ ਇਸ ਕਰਕੇ ਅਨੁਵਾਦ ਲਈ ਲੋੜ ਨੂੰ ਸੀਮਤ ਕੀਤਾ ਜਾ ਸਕੇ। ਜਿੱਥੇ ਜ਼ਿਆਦਾ ਸਥਾਨਕ ਸਾਈਨਾਂ ਦੀ

ਲੋੜ ਹੋਵੇ, ਉੱਥੇ ਅਦਾਲਤਾਂ ਦੇ ਸਾਰੇ ਪਬਲਿਕ ਸਾਈਨ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ, ਕਮਿਉਨਟੀ-ਆਧਾਰਿਤ ਸੰਸਥਾਵਾਂ, ਅਤੇ ਐੱਲ ਈ ਪੀ ਆਬਾਦੀਆਂ ਨਾਲ ਕੰਮ ਕਰ ਰਹੀਆਂ ਹੋਰ ਸੰਸਥਾਂਵਾਂ ਸਮੇਤ ਜਸਟਿਸ ਵਿਚ ਹਿੱਸੇਦਾਰਾਂ ਦੇ ਸਹਿਯੋਗ ਨਾਲ ਮਿਲੀ ਜਾਣਕਾਰੀ ਦੇ ਆਧਾਰ 'ਤੇ ਸਥਾਨਕ ਕਮਿਉਨਟੀ ਦੀਆਂ ਲੋੜਾਂ ਦੀ ਅਸੈੱਸਮੈਂਟ ਮੁਤਾਬਕ ਅੰਗਰੇਜ਼ੀ ਵਿਚ ਅਤੇ ਪੰਜ ਤੱਕ ਹੋਰ ਬੋਲੀਆਂ ਵਿਚ ਹੋਣੇ ਚਾਹੀਦੇ ਹਨ। ਅਜਿਹੀ ਸਾਰੀ ਸਾਮੱਗਰੀ, ਘੱਟੋ ਘੱਟ ਅੰਗਰੇਜ਼ੀ ਅਤੇ ਸਪੈਨਿਸ਼ ਵਿਚ ਉਪਲਬਧ ਹੋਣੀ ਚਾਹੀਦੀ ਹੈ। (ਪੜਾ 2)

**ਨੰਬਰ 41 ਪਹੁੰਚਯੋਗ ਅਦਾਲਤਾਂ।** ਜੂਡੀਸ਼ੀਅਲ ਕੌਂਸਲ ਨੂੰ ਅਦਾਲਤਾਂ ਨਾਲ ਭਾਈਵਾਲੀ ਕਰਦੇ ਹੋਏ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਨਵੀਂਆਂ ਅਦਾਲਤਾਂ ਉਸਾਰਨ ਵੇਲੇ ਅਤੇ ਅਦਾਲਤਾਂ ਦੀ ਥਾਂ ਨੂੰ ਰੀਡਿਜ਼ਾਈਨ ਕਰਨ ਵੇਲੇ, ਸਾਰੇ ਐੱਲ ਈ ਪੀ ਵਿਅਕਤੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ। (ਪੜਾ 2)

**ਨੰਬਰ 42 ਰਾਹ ਲੱਭਣ ਦੀਆਂ ਜੁਗਤਾਂ।** ਜੂਡੀਸ਼ੀਅਲ ਕੌਂਸਲ ਦਾ ਸਟਾਫ, ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਦੀ ਮਦਦ ਕਰਨ 'ਤੇ ਕੇਂਦਰਿਤ ਸੌਖੇ ਤਰੀਕੇ ਨਾਲ ਰਾਹ ਲੱਭਣ ਦੀਆਂ ਜੁਗਤਾਂ, ਬਹੁਭਾਸ਼ਾਈ ਸਾਈਨਾਂ (ਸਥਿਰ ਅਤੇ ਗਤੀਸ਼ੀਲ) ਅਤੇ ਹੋਰ ਡਿਜ਼ਾਇਨ ਜੁਗਤਾਂ ਵਿਚ ਦਿਲਚਸਪੀ ਰੱਖਦੀਆਂ ਅਦਾਲਤਾਂ ਨੂੰ ਜਾਣਕਾਰੀ ਪ੍ਰਦਾਨ ਕਰੇਗਾ। (ਪੜਾ 2)

**ਨੰਬਰ 49 ਬੋਲੀ ਤੱਕ ਪਹੁੰਚ ਪ੍ਰਦਾਨ ਕਰਨ ਵਾਲਿਆਂ ਲਈ ਭਰਤੀ ਕਰਨ ਲਈ ਜੁਗਤਾਂ।** ਜੂਡੀਸ਼ੀਅਲ ਕੌਂਸਲ ਦਾ ਸਟਾਫ, ਭਰਤੀ ਕਰਨ ਲਈ ਜੁਗਤਾਂ ਦੀ ਪਛਾਣ ਕਰਨ ਲਈ ਵਿਦਿਆ ਪ੍ਰਦਾਨ ਕਰਨ ਵਾਲਿਆਂ, ਕਮਿਉਨਟੀ ਆਧਾਰਿਤ ਸੰਸਥਾਵਾਂ, ਅਤੇ ਦੋਭਾਸ਼ੀਆਂ ਦੀਆਂ ਸੰਸਥਾਵਾਂ ਨਾਲ ਰਲ ਕੇ ਕੰਮ ਕਰੇਗਾ, ਜਿਨ੍ਹਾਂ ਜੁਗਤਾਂ ਵਿਚ ਮਾਰਕੀਟ ਹਾਲਤਾਂ 'ਤੇ ਵਿਚਾਰਾਂ ਸ਼ਾਮਲ ਹਨ ਤਾਂ ਜੋ ਬਹੁਭਾਸ਼ਾਈ ਵਿਅਕਤੀਆਂ ਨੂੰ ਦੋਭਾਸ਼ੀਏ ਦੇ ਕਿੱਤੇ ਨੂੰ ਅਪਨਾਉਣ ਜਾਂ ਬਹੁਭਾਸ਼ਾਈ ਸਟਾਫ ਵਜੋਂ ਅਦਾਲਤਾਂ ਵਿਚ ਰੁਜ਼ਗਾਰ ਦੇ ਮੌਕਿਆਂ ਦਾ ਫਾਇਦਾ ਲੈਣ ਲਈ ਉਤਸ਼ਾਹ ਦਿੱਤਾ ਜਾ ਸਕੇ। (ਪੜਾ 2)

**ਨੰਬਰ 51 ਇੰਟਰਾਨੈੱਟ 'ਤੇ ਬੋਲੀ ਤੱਕ ਪਹੁੰਚ ਦੇ ਵਸੀਲੇ।** ਸਥਾਨਕ ਅਤੇ ਸਟੇਟ ਪੱਧਰ 'ਤੇ ਬੋਲੀ ਤੱਕ ਪਹੁੰਚ ਦੇ ਵਸੀਲਿਆਂ ਬਾਰੇ ਜਾਣਕਾਰੀ, ਇਸ ਪਲੈਨ ਵਿਚ ਪਛਾਣੇ ਗਏ ਟਰੇਨਿੰਗ ਅਤੇ ਪੜ੍ਹਾਈ ਦੇ ਹਿੱਸੇ, ਸ਼ਬਦ-ਸੰਗ੍ਰਿਹ, ਸਾਈਨ ਅਤੇ ਬੋਲੀ ਤੱਕ ਪਹੁੰਚ ਪ੍ਰਦਾਨ ਕਰਨ ਦੇ ਹੋਰ ਟੂਲ ਅਦਾਲਤ ਦੇ ਸਾਰੇ ਸਟਾਫ ਨੂੰ ਨਿੱਜੀ ਅਦਾਲਤਾਂ ਦੇ ਇੰਟਰਾਨੈੱਟਸ ਰਾਹੀਂ ਆਮ ਉਪਲਬਧ ਹੋਣੇ ਚਾਹੀਦੇ ਹਨ। (ਪੜਾ 2 ਅਤੇ 3)

**ਨੰਬਰ 64 ਅਦਾਲਤਾਂ ਦੇ ਦੋਭਾਸ਼ੀਆਂ ਬਾਰੇ ਸ਼ਿਕਾਇਤਾਂ।** ਜੂਡੀਸ਼ੀਅਲ ਕੌਂਸਲ, ਹਿੱਤ ਰੱਖਦੀਆਂ ਧਿਰਾਂ ਨਾਲ ਰਲ ਕੇ ਇਕ ਤਰੀਕਾ ਤਿਆਰ ਕਰੇਗੀ ਜਿਸ ਨਾਲ ਕਿਸੇ ਦੋਭਾਸ਼ੀਏ ਦੇ ਹੁਨਰਾਂ ਦੀ ਕੁਆਲਟੀ ਅਤੇ ਦਰੁਸਤੀ ਅਤੇ ਨੈਤਿਕ ਅਸੂਲਾਂ ਦੀ ਪਾਲਣਾ ਨੂੰ ਵਿਚਾਰਿਆ ਜਾ ਸਕਦਾ ਹੋਵੇ। ਇਹ ਕਾਰਜ ਲੋੜ ਮੁਤਾਬਕ ਉਪਾ ਕਰਨ ਵਾਲੇ ਢੁਕਵੇਂ ਕਦਮ ਚੁੱਕਣ ਦੇਵੇਗਾ ਤਾਂ ਜੋ ਇਹ ਪੱਕਾ ਹੋਵੇ ਕਿ ਸਰਟੀਫਾਈਡ ਅਤੇ ਰਜਿਸਟਰਸ਼ੁਦਾ ਦੋਭਾਸ਼ੀਏ ਯੋਗਤਾ-ਪ੍ਰਾਪਤੀ ਦੇ ਸਾਰੇ ਮਿਆਰ ਪੂਰੇ ਕਰ ਰਹੇ ਹਨ। ਇਸ ਤਰੀਕੇ ਦੀ ਤਿਆਰੀ ਵਿਚ ਇਹ ਫੈਸਲਾ ਕਰਨਾ ਵੀ ਸ਼ਾਮਲ ਹੋਣਾ ਚਾਹੀਦਾ ਹੈ ਕਿ ਕੀ ਕੈਲੇਫੋਰਨੀਆ ਦੇ ਰੂਲ ਔਫ ਕੋਰਟ 2.891 (ਅਦਾਲਤਾਂ ਦੇ ਦੋਭਾਸ਼ੀਆਂ ਦੇ ਹੁਨਰਾਂ ਅਤੇ ਪੇਸ਼ਾਵਰ ਵਤੀਰੇ ਦੇ ਸਮੇਂ ਸਮੇਂ ਕੀਤੇ ਜਾਣ ਵਾਲੇ ਰਿਵੀਊ ਨਾਲ ਸੰਬੰਧਿਤ) ਵਿਚ ਸੁਧਾਰ ਹੋਣਾ ਚਾਹੀਦਾ ਹੈ, ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ, ਜਾਂ ਇਹ ਕਾਇਮ ਰਹਿਣਾ ਚਾਹੀਦਾ ਹੈ। ਰਿਵੀਊ ਦਾ ਤਰੀਕਾ ਤਿਆਰ ਕਰਨ ਤੋਂ ਬਾਅਦ, ਇਸ ਚੀਜ਼ ਸਬੰਧੀ ਜਾਣਕਾਰੀ ਕਿ ਇਹ ਕਿਵੇਂ ਸ਼ੁਰੂ ਕੀਤਾ ਜਾ ਸਕਦਾ ਹੈ, ਸਪਸ਼ਟ ਰੂਪ ਵਿਚ ਅਦਾਲਤ ਦੇ ਸਟਾਫ, ਜੂਡੀਸ਼ੀਅਲ ਅਫਸਰਾਂ, ਅਟਾਰਨੀਆਂ, ਅਤੇ ਸੌਖੀ ਬੋਲੀ ਵਿਚ ਅਦਾਲਤ ਦੀ ਵਰਤੋਂ ਕਰਨ ਵਾਲਿਆਂ (ਜਿਵੇਂ ਐੱਲ ਈ ਪੀ ਵਿਅਕਤੀ ਅਤੇ ਜਸਟਿਸ ਵਿਚ ਹਿੱਸੇਦਾਰ) ਨੂੰ ਦਿੱਤੀ ਜਾਣੀ ਜ਼ਰੂਰੀ ਹੈ। (ਪੜਾ 2)

**ਨੰਬਰ 68 ਨਿਯਮਾਂ ਅਤੇ ਐਕਟਾਂ ਨੂੰ ਨਵਿਆਉਣ ਦੀ ਲੋੜ ਬਾਰੇ ਮੁਲਾਂਕਣ ਕਰਨ ਲਈ ਇਮਪਲੀਮਿਨਟੇਸ਼ਨ ਟਾਸਕ ਫੋਰਸ।** ਐੱਲ ਏ ਪੀ ਨੂੰ ਲਗਾਤਾਰ ਅਤੇ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ

ਇਮਪਲੀਮਿਨਟੇਸ਼ਨ ਟਾਸਕ ਫੋਰਸ ਨਵੇਂ ਐਕਟਾਂ ਜਾਂ ਨਿਯਮਾਂ ਜਾਂ ਮੌਜੂਦ ਨਿਯਮਾਂ ਅਤੇ ਐਕਟਾਂ ਵਿਚ ਸੋਧ ਦੀ ਲੋੜ ਦਾ ਲਗਾਤਾਰਤਾ ਨਾਲ ਮੁਲਾਂਕਣ ਕਰੇਗੀ। (ਪੜਾ 2 ਅਤੇ 3)

**ਨੰਬਰ 71 ਸਮਾਲ ਕਲੇਮਜ਼ ਦੀਆਂ ਕਾਰਵਾਈਆਂ ਲਈ ਛੋਟ ਨੂੰ ਖਤਮ ਕਰਨ ਲਈ ਕਾਨੂੰਨ।** ਜੂਡੀਸ਼ੀਅਲ ਕੌਂਸਲ ਨੂੰ ਗਵਰਨਮੈਂਟ ਕੋਡ ਸੈਕਸ਼ਨ 68560.5 (ਏ) ਵਿਚ ਸੋਧ ਕਰਨ ਲਈ ਕਾਨੂੰਨ ਨੂੰ ਸਪੌਂਸਰ ਕਰਨਾ ਚਾਹੀਦਾ ਹੈ ਤਾਂ ਜੋ ਅਦਾਲਤ ਦੀਆਂ ਕਾਰਵਾਈਆਂ ਦੀ ਪ੍ਰੀਭਾਸ਼ਾ ਵਿਚ ਸਮਾਲ ਕਲੇਮਜ਼ ਦੇ ਕੇਸਾਂ ਨੂੰ ਸ਼ਾਮਲ ਕੀਤਾ ਜਾਵੇ ਜਿਸ ਲਈ ਯੋਗਤਾ-ਪ੍ਰਾਪਤ ਦੋਭਾਸ਼ੀਏ ਦਿੱਤੇ ਜਾਣੇ ਜ਼ਰੂਰੀ ਹਨ।(ਪੜਾ 2)

**ਨੰਬਰ 72 ਸਮਾਲ ਕਲੇਮਜ਼ ਲਈ ਯੋਗਤਾ-ਪ੍ਰਾਪਤ ਦੋਭਾਸ਼ੀਆਂ ਦੀ ਲੋੜ ਲਈ ਕਾਨੂੰਨ।** ਜੂਡੀਸ਼ੀਅਲ ਕੌਂਸਲ ਨੂੰ ਕੋਡ ਔਫ ਸਿਵਲ ਪ੍ਰੋਸੀਜ਼ਰ ਦੇ ਸੈਕਸ਼ਨ 116.550 ਵਿਚ ਸੋਧ ਕਰਨ ਲਈ ਕਾਨੂੰਨ ਨੂੰ ਸਪੌਂਸਰ ਕਰਨਾ ਚਾਹੀਦਾ ਹੈ ਜੋ ਕਿ ਸਮਾਲ ਕਲੇਮਜ਼ ਦੇ ਕੇਸਾਂ ਨਾਲ ਨਿਪਟਦਾ ਹੈ ਤਾਂ ਜੋ ਸਮਾਲ ਕਲੇਮਜ਼ ਕੇਸਾਂ ਵਿਚਲੇ ਦੋਭਾਸ਼ੀਏ, ਹੋਰਨਾਂ ਕੇਸਾਂ ਵਾਗ ਹੀ ਸਰਟੀਫਾਈਡ ਜਾਂ ਰਜਿਸਟਰਸ਼ੁਦਾ ਹੋਣ ਜਾਂ ਜਿੱਥੇ ਯੋਗਤਾ-ਪ੍ਰਾਪਤ ਦੋਭਾਸ਼ੀਆ ਉਪਲਬਧ ਨਾ ਹੋਵੇ ਉੱਥੇ ਆਰਜ਼ੀ ਤੌਰ 'ਤੇ ਯੋਗਤਾ-ਪ੍ਰਾਪਤ ਹੋਣ। (ਪੜਾ 2)

**ਨੰਬਰ 73 ਦੋਭਾਸ਼ੀਆਂ ਨਾਲ ਸੰਬੰਧਿਤ ਫਾਰਮਾਂ ਨੂੰ ਨਵਿਆਉਣਾ।** ਜੂਡੀਸ਼ੀਅਲ ਕੌਂਸਲ ਨੂੰ ਦੋਭਾਸ਼ੀਆਂ ਨਾਲ ਸੰਬੰਧਿਤ ਫਾਰਮਾਂ (INT-100-INFO, INT-110, INT-120 ਅਤੇ INT-200) ਨੂੰ ਇਸ ਪਲੈਨ ਦੀ ਇਕਸਾਰਤਾ ਲਈ ਲੋੜ ਮੁਤਾਬਕ ਨਵਿਆਉਣਾ ਚਾਹੀਦਾ ਹੈ। (ਪੜਾ 2)

**ਨੰਬਰ 74 ਟਰਾਇਲ ਕੋਰਟ ਇੰਟਰਪਰੇਟਰ ਇਮਪਲੌਏਮੈਂਟ ਐਂਡ ਲੇਬਰ ਰੀਲੇਸ਼ਨਜ਼ ਐਕਟ ਦਾ ਮੁਲਾਂਕਣ।** ਇਮਪਲੀਮਿਨਟੇਸ਼ਨ ਟਾਸਕ ਫੋਰਸ ਨੂੰ ਮੌਜੂਦਾ ਕਾਨੂੰਨ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਜਿਸ ਵਿਚ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ ਦੀ ਢੁਕਵੀਂ ਪ੍ਰਦਾਨਗੀ ਉੱਪਰ ਟਰਾਇਲ ਕੋਰਟ ਇੰਟਰਪਰੇਟਰ ਇਮਪਲੌਏਮੈਂਟ ਐਂਡ ਲੇਬਰ ਰੀਲੇਸ਼ਨਜ਼ ਐਕਟ ਦੇ ਨਾਂਹ-ਪੱਖੀ ਅਸਰਾਂ ਬਾਰੇ ਸਟੱਡੀ ਵੀ ਸ਼ਾਮਲ ਹੈ। ਮੁਲਾਂਕਣ ਵਿਚ ਇਹ ਸ਼ਾਮਲ ਹੋਣਾ ਚਾਹੀਦਾ ਹੈ, ਪਰ ਇਹ ਇਸ ਤੱਕ ਹੀ ਸੀਮਤ ਨਹੀਂ ਹੈ ਕਿ ਨਿਸ਼ਚਿਤ ਦਿਨਾਂ ਤੋਂ ਅੱਗੇ ਆਜ਼ਾਦ ਕੌਨਟਰੈਕਟਰਾਂ ਨੂੰ ਰੱਖਣ ਬਾਰੇ ਮੌਜੂਦਾ ਸ਼ਰਤਾਂ ਅਤੇ ਸੀਮਾਵਾਂ ਵਿਚ ਸੋਧਾਂ ਦੀ ਤਜਵੀਜ਼ ਰੱਖੀ ਜਾਣੀ ਚਾਹੀਦੀ ਹੈ ਜਾਂ ਨਹੀਂ। (ਪੜਾ 2)

**ਪੜਾ 3: ਇਹ ਸਿਫਾਰਸ਼ਾਂ ਮਹੱਤਵਪੂਰਨ ਹਨ, ਪਰ ਲਾਜ਼ਮੀ ਨਹੀਂ ਹਨ ਜਾਂ ਗੁੰਝਲਦਾਰ ਹਨ ਅਤੇ ਇਨ੍ਹਾਂ ਨੂੰ ਸਾਲ 2020 ਤੱਕ ਪੂਰਾ ਕਰਨ ਲਈ ਮਹੱਤਵਪੂਰਨ ਬੁਨਿਆਦੀ ਕਦਮਾਂ, ਸਮੇਂ ਅਤੇ ਵਸੀਲਿਆਂ ਦੀ ਲੋੜ ਪਵੇਗੀ। ਇਨ੍ਹਾਂ ਸਿਫਾਰਸ਼ਾਂ ਨੂੰ ਫੌਰਨ ਲਾਗੂ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ, ਜਿੱਥੇ ਅਜਿਹਾ ਹੋ ਸਕਦਾ ਹੋਵੇ ਜਾਂ ਲੋੜੀਂਦੇ ਬੁਨਿਆਦੀ ਕਦਮ ਚੁੱਕੇ ਜਾਣ ਤੋਂ ਫੌਰਨ ਬਾਅਦ।**

**ਨੰਬਰ 10 ਅਦਾਲਤ ਵਲੋਂ ਆਰਡਰ ਕੀਤੀਆਂ ਜਾਣ ਵਾਲੀਆਂ/ਅਦਾਲਤ ਵਲੋਂ ਚਲਾਈਆਂ ਜਾਣ ਵਾਲੀਆਂ ਸਾਰੀਆਂ ਕਾਰਵਾਈਆਂ ਲਈ ਯੋਗਤਾ-ਪ੍ਰਾਪਤ ਦੋਭਾਸ਼ੀਆਂ ਦੀ ਪ੍ਰਦਾਨਗੀ।** ਫੌਰਨ ਸ਼ੁਰੂ ਕਰਦੇ ਹੋਏ, ਜਿਵੇਂ ਵਸੀਲੇ ਉਪਲਬਧ ਹੋਣ, ਪਰ ਕਿਸੇ ਵੀ ਕੇਸ ਵਿਚ 2020 ਤੋਂ ਪਹਿਲਾਂ ਪਹਿਲਾਂ ਅਦਾਲਤਾਂ, ਸਾਰੇ ਐੱਲ ਈ ਪੀ ਮੁਕੱਦਮੇਬਾਜ਼ਾਂ, ਗਵਾਹਾਂ ਅਤੇ ਕੇਸ ਵਿਚ ਮਹੱਤਵਪੂਰਨ ਦਿਲਚਸਪੀ ਰੱਖਦੇ ਵਿਅਕਤੀਆਂ ਲਈ, ਅਦਾਲਤ ਵਲੋਂ ਆਰਡਰ ਕੀਤੀਆਂ ਜਾਣ ਵਾਲੀਆਂ/ਅਦਾਲਤ ਵਲੋਂ ਚਲਾਈਆਂ ਜਾਣ ਵਾਲੀਆਂ ਸਾਰੀਆਂ ਕਾਰਵਾਈਆਂ, ਸੇਵਾਵਾਂ ਅਤੇ ਈਵੈਂਟਸ ਲਈ ਯੋਗਤਾਪ੍ਰਾਪਤ ਦੋਭਾਸ਼ੀਏ ਪ੍ਰਦਾਨ ਕਰਨਗੀਆਂ। (ਪੜਾ 1, 2 ਅਤੇ 3)

**ਨੰਬਰ 35 ਬੋਲੀ ਤੱਕ ਪਹੁੰਚ ਦੇ ਬੂਥਾਂ ਲਈ ਪਾਈਲਟ ਪ੍ਰੋਗਰਾਮ।** ਰਵਾਇਤੀ ਤਰੀਕੇ ਨਾਲ ਜਾਣਕਾਰੀ ਦੇ ਪਸਾਰ ਦੇ ਬਦਲ ਵਜੋਂ, ਜੂਡੀਸ਼ੀਅਲ ਕੌਂਸਲ ਨੂੰ ਕਈ ਤਰ੍ਹਾਂ ਦੀ ਜਾਣਕਾਰੀ ਇਲੈਕਟਰੌਨੀਕਲੀ ਦੇਣ ਲਈ, ਜਿਵੇਂ ਕਿ ਕੰਪਿਊਟਰ 'ਤੇ ਜਾਂ

ਟੇਬਲਿਟ ਪਲੇਟਫਾਰਮ ’ਤੇ, ਲੌਬੀਆਂ ਵਿਚ ਜਾਂ ਲੋਕਾਂ ਦੇ ਉਡੀਕ ਕਰਨ ਦੀਆਂ ਹੋਰ ਥਾਂਵਾਂ ਵਿਚ ਬੋਲੀ ਤੱਕ ਪਹੁੰਚ ਦੇ ਬੂਥਾਂ ਦੀ ਵਰਤੋਂ ਨੂੰ ਲਾਗੂ ਕਰਨ ਦੇ ਪਾਈਲਟ ਪ੍ਰੋਗਰਾਮ ਤਿਆਰ ਕਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਇਹ ਜਾਣਕਾਰੀ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ, ਕਮਿਉਨਟੀ-ਆਧਾਰਿਤ ਸੰਸਥਾਵਾਂ, ਅਤੇ ਐੱਲ ਈ ਪੀ ਆਬਾਦੀਆਂ ਨਾਲ ਕੰਮ ਕਰ ਰਹੀਆਂ ਹੋਰ ਸੰਸਥਾਂਵਾਂ ਸਮੇਤ ਜਸਟਿਸ ਵਿਚ ਹਿੱਸੇਦਾਰਾਂ ਦੇ ਸਹਿਯੋਗ ਨਾਲ ਮਿਲੀ ਜਾਣਕਾਰੀ ਦੇ ਆਧਾਰ ’ਤੇ ਸਥਾਨਕ ਕਮਿਉਨਟੀ ਦੀਆਂ ਲੋੜਾਂ ਦੀ ਅਸੈੱਸਮੈਂਟ ਮੁਤਾਬਕ ਅੰਗਰੇਜ਼ੀ ਵਿਚ ਅਤੇ ਪੰਜ ਤੱਕ ਹੋਰ ਬੋਲੀਆਂ ਵਿਚ ਹੋਣੇ ਚਾਹੀਦੇ ਹਨ। ਅਜਿਹੀ ਸਾਰੀ ਸਾਮੱਗਰੀ, ਘੱਟੋ ਘੱਟ ਅੰਗਰੇਜ਼ੀ ਅਤੇ ਸਪੈਨਿਸ਼ ਵਿਚ ਉਪਲਬਧ ਹੋਣੀ ਚਾਹੀਦੀ ਹੈ। (ਪੜਾ 3)

**ਨੰਬਰ 51 ਇੰਟਰਾਨੈੱਟ ’ਤੇ ਬੋਲੀ ਤੱਕ ਪਹੁੰਚ ਦੇ ਵਸੀਲੇ।** ਸਥਾਨਕ ਅਤੇ ਸਟੇਟ ਪੱਧਰ ’ਤੇ ਬੋਲੀ ਤੱਕ ਪਹੁੰਚ ਦੇ ਵਸੀਲਿਆਂ ਬਾਰੇ ਜਾਣਕਾਰੀ, ਇਸ ਪਲੈਨ ਵਿਚ ਪਛਾਣੇ ਗਏ ਟਰੇਨਿੰਗ ਅਤੇ ਪੜ੍ਹਾਈ ਦੇ ਹਿੱਸੇ, ਸ਼ਬਦ-ਸੰਗ੍ਰਿਹ, ਸਾਈਨ ਅਤੇ ਬੋਲੀ ਤੱਕ ਪਹੁੰਚ ਪ੍ਰਦਾਨ ਕਰਨ ਦੇ ਹੋਰ ਟੂਲ ਅਦਾਲਤ ਦੇ ਸਾਰੇ ਸਟਾਫ ਨੂੰ ਨਿੱਜੀ ਅਦਾਲਤਾਂ ਦੇ ਇੰਟਰਾਨੈੱਟਸ ਰਾਹੀਂ ਆਮ ਉਪਲਬਧ ਹੋਣੇ ਚਾਹੀਦੇ ਹਨ। (ਪੜਾ 2 ਅਤੇ 3)

**ਨੰਬਰ 53 ਜਾਣਕਾਰੀ ਦੇ ਪਸਾਰ ਲਈ ਹਿੱਸੇਦਾਰੀਆਂ।** ਅਦਾਲਤਾਂ ਨੂੰ, ਅਦਾਲਤ ਦੀ ਵਰਤੋਂ ਕਰਨ ਵਾਲੇ ਐੱਲ ਈ ਪੀ ਲਈ ਅਦਾਲਤ ਦੀਆਂ ਸੇਵਾਵਾਂ ਵਿਚ ਸੁਧਾਰ ਕਰਨ ਖਾਤਰ ਵਿਚਾਰ ਜਾਣਨ ਲਈ ਅਤੇ ਅਦਾਲਤ ਦੀ ਜਾਣਕਾਰੀ ਅਤੇ ਵਿਦਿਆ ਦਾ ਕਮਿਉਨਟੀ ਵਿਚ ਪ੍ਰਚਾਰ ਕਰਨ ਲਈ ਸਮਾਜਿਕ ਸੇਵਾਵਾਂ ਦੇਣ ਵਾਲਿਆਂ, ਕਾਨੂੰਨੀ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ, ਸਰਕਾਰੀ ਏਜੰਸੀਆਂ, ਅਤੇ ਘੱਟ ਗਿਣਤੀ ਬਾਰ ਐਸੋਸੀਏਸ਼ਨਾਂ ਸਮੇਤ ਹੋਰ ਕਮਿਉਨਟੀ ਆਧਾਰਿਤ ਸੰਸਥਾਵਾਂ ਨਾਲ ਮੌਜੂਦਾ ਸੰਬੰਧਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਨਵੇਂ ਸੰਬੰਧ ਕਾਇਮ ਕਰਨੇ ਚਾਹੀਦੇ ਹਨ। (ਪੜਾ 3)

**ਨੰਬਰ 54 ਲੋਕਾਂ ਨੂੰ ਜਾਣਕਾਰੀ ਦੇਣ ਲਈ ਬਹੁਭਾਸ਼ਾਈ ਆਡੀਓ ਜਾਂ ਵੀਡੀਓ ਰਿਕਾਰਡਿੰਗਾਂ।** ਪਹੁੰਚ ਅਤੇ ਕਾਰਗਰਤਾ ਦੋਨਾਂ ਨੂੰ ਵੱਧ ਤੋਂ ਵੱਧ ਕਰਨ ਲਈ, ਮਹੱਤਵਪੂਰਨ ਆਮ ਜਾਣਕਾਰੀ ਦੇਣ ਲਈ ਅਤੇ ਆਮ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦੇਣ ਲਈ ਅਦਾਲਤਾਂ ਦੇ ਪਹੁੰਚ ਕਰਨ ਦੇ ਯਤਨਾਂ ਦੇ ਹਿੱਸੇ ਵਜੋਂ ਬਹੁਭਾਸ਼ਾਈ ਆਡੀਓ ਅਤੇ/ਜਾਂ ਵੀਡੀਓ ਰਿਕਾਰਡਿੰਗਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। (ਪੜਾ 3)

**ਨੰਬਰ 55 ਮੀਡੀਏ ਨਾਲ ਸਹਿਯੋਗ।** ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ, ਅਦਾਲਤ ਦੇ ਕਾਰਜ ਅਤੇ ਉਪਲਬਧ ਵਸੀਲਿਆਂ ਬਾਰੇ ਕਮਿਉਨਟੀ ਤੱਕ ਜਾਣਕਾਰੀ ਪਹੁੰਚਾਉਣ ਲਈ ਅਦਾਲਤਾਂ ਨੂੰ ਸਥਾਨਕ ਮੀਡੀਏ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਮੀਡੀਆ ਆਊਟਲੈੱਟਸ ਦੇ ਵਸੀਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਸਮੇਤ ਐਥਨਿਕ ਮੀਡੀਏ ਦੇ ਜਿਹੜਾ ਆਪਣੇ ਖਪਤਕਾਰਾਂ ਨਾਲ ਉਨ੍ਹਾਂ ਦੀ ਬੋਲੀ ਵਿਚ ਗੱਲ ਕਰਦਾ ਹੈ। (ਪੜਾ 3)

**ਨੰਬਰ 65 ਸਟੇਟ ਭਰ ਵਿਚ ਅਨੁਵਾਦਾਂ ਨਾਲ ਸੰਬੰਧਿਤ ਸ਼ਿਕਾਇਤਾਂ।** ਟ੍ਰਾਂਸਲੇਸ਼ਨ ਕਮੇਟੀ (ਜਿਵੇਂ ਕਿ ਸਿਫਾਰਸ਼ 36 ਵਿਚ ਦੱਸਿਆ ਗਿਆ ਹੈ), ਇਮਪਲੀਮਿਨਟੇਸ਼ਨ ਟਾਸਕ ਫੋਰਸ ਨਾਲ ਸਲਾਹ-ਮਸ਼ਵਰਾ ਕਰਕੇ, ਜੂਡੀਸ਼ੀਅਲ ਕੌਂਸਲ ਵਲੋਂ ਮਨਜ਼ੂਰ ਕੀਤੇ ਗਏ ਅਨੁਵਾਦਾਂ ਦੀ ਕੁਆਲਟੀ ਬਾਰੇ ਸ਼ਿਕਾਇਤਾਂ ਦਾ ਹੱਲ ਕਰਨ ਲਈ ਤਰੀਕਾ ਬਣਾਏਗੀ, ਜਿਸ ਵਿਚ ਜੂਡੀਸ਼ੀਅਲ ਕੌਂਸਲ ਦੇ ਫਾਰਮਾਂ ਦੇ ਅਨੁਵਾਦ, ਕੈਲੇਫੋਰਨੀਆਂ ਕੋਰਟਸ ਔਨਲਾਈਨ ਸੈਲਫ-ਹੈਲਪ ਸੈਂਟਰ ਦੇ ਅਨੁਵਾਦ ਅਤੇ ਜੂਡੀਸ਼ੀਅਲ ਕੌਂਸਲ ਵਲੋਂ ਜਾਰੀ ਕੀਤੀਆਂ ਗਈਆਂ ਲਿਖਤਾਂ ਅਤੇ ਜਾਣਕਾਰੀ ਦੇ ਅਨੁਵਾਦ ਸ਼ਾਮਲ ਹਨ। (ਪੜਾ 3)

**ਨੰਬਰ 68 ਨਿਯਮਾਂ ਅਤੇ ਐਕਟਾਂ ਨੂੰ ਨਵਿਆਉਣ ਦੀ ਲੋੜ ਬਾਰੇ ਮੁਲਾਂਕਣ ਕਰਨ ਲਈ ਇਮਪਲੀਮਿਨਟੇਸ਼ਨ ਟਾਸਕ ਫੋਰਸ।** ਐੱਲ ਏ ਪੀ ਨੂੰ ਲਗਾਤਾਰ ਅਤੇ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਇਮਪਲੀਮਿਨਟੇਸ਼ਨ ਟਾਸਕ ਫੋਰਸ ਨਵੇਂ ਐਕਟਾਂ ਜਾਂ ਨਿਯਮਾਂ ਜਾਂ ਮੌਜੂਦ ਨਿਯਮਾਂ ਅਤੇ ਐਕਟਾਂ ਵਿਚ ਸੋਧ ਦੀ ਲੋੜ ਦਾ ਲਗਾਤਾਰਤਾ ਨਾਲ ਮੁਲਾਂਕਣ ਕਰੇਗੀ। (ਪੜਾ 2 ਅਤੇ 3)